ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਸ਼ੁੱਕਰਵਾਰ, 9 ਫਰਵਰੀ 2024 (ਨਾਨਕਸ਼ਾਹੀ ਸੰਮਤ : ੫੫੫, ੨੭ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਜੰਤਰ-ਮੰਤਰ 'ਚ ਕੇਜਰੀਵਾਲ ਦਾ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ, ਬੋਲੇ- ਅਸੀਂ ਇੱਥੇ ਭੀਖ ਮੰਗਣ ਨਹੀਂ ਆਏ

**ਨਵੀਂ ਦਿੱਲੀ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਜੰਤਰ-ਮੰਤਰ 'ਚ ਕੇਂਦਰ ਸਰਕਾਰ ਦੀਆਂ ਟੈਕਸ ਨੀਤੀਆਂ ਦੇ ਖਿਲਾਫ ਕੇਰਲ ਸਰਕਾਰ ਵੀਰਵਾਰ ਨੂੰ ਪ੍ਰਦਰਸ਼ਨ ਕਰ ਰਹੀ ਹੈ। ਇਸ ਵਿਚ ਕੇਰਲ ਦੇ ਮੁੱਖ ਮੰਤਰੀ ਪਿਨਰਈ ਵਿਜਯਨ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸੀ.ਪੀ.ਐੱਮ. ਦੇ ਜਨਰਲ ਸਕੱਤਰ ਆਗੂ ਸੀਤਾਰਾਮ ਯੇਚੁਰੀ ਸ਼ਾਮਲ ਹੋਏ। ਇਸ ਦੌਰਾਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ 'ਤੇ ਤਿੱਖੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ ਮੈਨੂੰ ਲਗਦਾ ਹੀ ਸੀ ਕਿ ਅੱਜ ਦੇਸ਼ ਨੂੰ ਅੱਜ ਇਹ ਦਿਨ ਵੀ ਦੇਖਣਾ ਪਵੇਗਾ, ਇਹ ਜੰਤਰ-ਮੰਤਰ ਓਹ ਥਾਂ ਹੈ ਜਿੱਥੇ ਇਸ ਦੇਸ਼ ਦੇ ਜਨਤਾ ਸਰਕਾਰਾਂ ਦੇ ਐਕਸਪੋਟੇਸ਼ਨ ਤੋਂ ਤੰਗ ਆ ਕੇ ਇੱਥੇ ਧਰਨਾ ਪ੍ਰਦਰਸ਼ਨ ਕਰਨ ਆਉਂਦੀ ਹੈ ਪਰ ਅੱਜ ਇੱਥੇ ਕੇਰਲ ਦੇ ਮੁੱਖ ਮੰਤਰੀ ਨੂੰ ਆਪਣੇ ਸਾਰੇ ਕੰਮਕਾਜ ਛੱਡ ਕੇ ਕੇਰਲ ਤੋਂ ਇੱਥੇ ਦਿੱਲੀ ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਖਿਲਾਫ ਧਰਨਾ-ਪ੍ਰਦਰਸ਼ਨ ਕਰਨ ਲਈ ਆਉਣਾ ਪਿਆ। ਕੇਜਰੀਵਾਲ ਨੇ ਕਿਹਾ ਕਿ ਅੱਜ ਲਗਭਗ ਅੱਧੇ ਸੂਬਿਆਂ 'ਚ ਵਿਰੋਧੀ ਧਿਰ ਦੀਆਂ ਸਰਕਾਰਾਂ ਹਨ ਅਤੇ ਅੱਧੇ ਸੂਬਿਆਂ 'ਚ ਉਨ੍ਹਾਂ ਦੀਆਂ ਸਰਕਾਰਾਂ ਹਨ। ਅੱਜ ਕੇਲਰ ਦੇ ਮੁੱਖ ਮੰਤਰੀ ਇੱਥੇ ਆਪਣੇ ਘਰ ਲਈ ਪੈਸੇ ਮੰਗਣ ਨਹੀਂ ਆਏ। ਉਹ ਕੇਰਲ ਦੀ ਜਨਤਾ ਲਈ ਫੰਡ ਲੈਣ ਲਈ ਆਏ ਹਨ। ਮੈਂ ਇੱਥੇ ਦਿੱਲੀ ਦੀ ਜਨਤਾ ਦਾ ਹੱਕ ਮੰਗਣ ਆਇਆ ਹਾਂ। ਸੀ.ਐੱਮ. ਕੇਜਰੀਵਾਲ ਨੇ ਕਿਹਾ ਕਿ ਅਸੀਂ ਇੱਥੇ ਭੀਖ ਮੰਗਣ ਲਈ ਇਕੱਠੇ ਨਹੀਂ ਹੋਏ।

## ਦਿੱਲੀ ਦਾਖਲ ਹੋਣ ਤੋਂ ਪਹਿਲਾਂ ਪੁਲਿਸ ਨੇ ਰੋਕੇ ਕਿਸਾਨ

# ਲੱਗਿਆ ਵੱਡਾ ਜਾਮ, ਦਫਾ 144 ਲਾਗੂ

**ਨਵੀਂ ਦਿੱਲੀ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਵੱਲ ਮਾਰਚ ਕਰ ਰਹੇ ਕਿਸਾਨਾਂ ਨੂੰ ਨੋਇਡਾ ਦੇ ਦਲਿਤ ਪ੍ਰੇਰਨਾ ਸਥਲ ਨੇੜੇ ਰੋਕ ਦਿੱਤਾ ਗਿਆ ਹੈ। ਕਿਸਾਨਾਂ ਦੇ ਧਰਨੇ ਕਾਰਨ ਪੁਲਿਸ ਨੇ ਕਈ ਥਾਵਾਂ 'ਤੇ ਬੈਰੀਕੇਡ ਲਾਏ ਹੋਏ ਹਨ। ਇਸ ਕਾਰਨ ਨੋਇਡਾ ਦੀਆਂ ਮੁੱਖ ਸੜਕਾਂ 'ਤੇ ਜਾਮ ਦੇਖਣ ਨੂੰ ਮਿਲ ਰਿਹਾ ਹੈ। ਪ੍ਰਸ਼ਾਸਨ ਨੇ ਇਹਤਿਆਤ ਵਜੋਂ ਧਾਰਾ 144 ਲਾਗੂ ਕਰ ਦਿੱਤੀ ਹੈ। ਇਸ ਦੌਰਾਨ ਨੋਇਡਾ ਪ੍ਰਸ਼ਾਸਨ ਨੇ ਪ੍ਰਦਰਸ਼ਨਕਾਰੀ ਕਿਸਾਨਾਂ ਨਾਲ ਗੱਲਬਾਤ ਲਈ ਯਤਨ ਤੇਜ਼ ਕਰ ਦਿੱਤੇ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਤੁਹਾਡੇ ਮੁੱਦੇ ਨੋਇਡਾ ਅਤੇ ਗ੍ਰੇਟਰ ਨੋਇਡਾ ਨਾਲ ਸਬੰਧਤ ਹਨ, ਇਸ ਲਈ ਦਿੱਲੀ ਨਾ ਜਾਓ। ਗੱਲਬਾਤ ਲਗਾਤਾਰ ਜਾਰੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਗੱਲ ਨਾ ਮੰਨੀ ਗਈ ਤਾਂ ਉਹ ਬੈਰੀਕੇਡ ਤੋਂ ਅੱਗੇ ਵਧ ਕੇ ਦਿੱਲੀ ਵੱਲ ਮਾਰਚ ਕਰਨਗੇ। ਸੁਖਬੀਰ ਯਾਦਵ 'ਖਲੀਫਾ' ਦਿੱਲੀ ਵੱਲ ਕਿਸਾਨ ਮਾਰਚ ਦੀ ਅਗਵਾਈ ਕਰ ਰਹੇ ਹਨ। ਸੁਖਬੀਰ ਖਲੀਫਾ ਨੇ ਕਿਹਾ ਕਿ ਅਸੀਂ ਪੁਲਿਸ ਨਾਲ ਉਦੋਂ ਤੱਕ ਕੋਈ ਗੱਲ ਨਹੀਂ ਕਰਾਂਗੇ ਜਦੋਂ ਤੱਕ ਪੁਲਿਸ ਸਾਡੇ ਗ੍ਰਿਫਤਾਰ ਲੋਕਾਂ ਨੂੰ ਰਿਹਾਅ ਨਹੀਂ ਕਰਦੀ। ਇੱਕ ਮਹਿਲਾ ਪ੍ਰਦਰਸ਼ਨਕਾਰੀ ਨੇ ਦੱਸਿਆ ਕਿ ਚਾਹੇ ਉਸ ਨੂੰ ਬੈਰੀਕੇਡ ਤੋੜਨਾ ਪਵੇ ਜਾਂ ਇੱਥੇ ਮਰਨਾ ਪਵੇ, ਉਹ ਦਿੱਲੀ ਜਾਵੇਗੀ। ਸੁਖਬੀਰ ਖਲੀਫਾ ਨੇ ਕਿਹਾ ਕਿ 1000 ਲੋਕ ਪਹਿਲਾਂ ਹੀ ਬੈਰੀਕੇਡਿੰਗ ਤੋਂ ਪਾਰ ਜਾ ਚੁੱਕੇ ਹਨ। ਨੋਇਡਾ-ਦਿੱਲੀ ਸਰਹੱਦ 'ਤੇ ਦਿੱਲੀ ਪੁਲਿਸ, ਪੈਰਾ ਮਿਲਟਰੀ ਫੋਰਸ ਅਤੇ ਰੈਪਿਡ ਐਕਸ਼ਨ ਫੋਰਸ ਦੀਆਂ ਕਈ ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਹਨ। ਪੁਲਿਸ ਨੇ ਬਹੁ-ਪੱਧਰੀ ਬੈਰੀਕੇਡਾਂ ਦੇ ਪ੍ਰਬੰਧ ਕੀਤੇ ਹਨ। ਐਂਟੀ ਰਾਈਟਸ ਟੀਮ ਅਤੇ ਵਜਰਾ ਵਾਹਨ ਦੀ ਤਾਇਨਾਤੀ ਦੇ ਨਾਲ-ਨਾਲ ਸੜਕ 'ਤੇ ਸੀਮਿੰਟ ਦੇ ਵੱਡੇ-ਵੱਡੇ ਬਲਾਕ ਲਾਏ ਗਏ ਹਨ। ਪ੍ਰਦਰਸ਼ਨ ਕਰ ਰਹੇ ਕਿਸਾਨ ਗੌਤਮ ਬੁੱਧ ਨਗਰ ਦੇ ਰਹਿਣ ਵਾਲੇ ਹਨ। ਉਹ ਆਪਣੀਆਂ ਮੰਗਾਂ ਲੈ ਕੇ ਸੰਸਦ ਜਾਣਾ ਚਾਹੁੰਦੇ ਹਨ। ਇਸ ਦੇ ਨਾਲ ਹੀ ਨੋਇਡਾ ਪੁਲਿਸ ਉਨ੍ਹਾਂ ਨੂੰ ਦਿੱਲੀ ਵਿਚ ਦਾਖ਼ਲ ਹੋਣ ਤੋਂ ਰੋਕਣ ਦੀ ਕੋਸ਼ਿਸ਼ਿ ਕਰ ਰਹੀ ਹੈ। ਕਿਸਾਨਾਂ ਨਾਲ ਗੱਲਬਾਤ ਕਰਕੇ ਮਾਰਚ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ।



## ਜਲੰਧਰ ਪੁਲਸ ਦੀ ਵੱਡੀ ਸਫ਼ਲਤਾ, ਲਾਰੈਂਸ ਬਿਸ਼ਨੋਈ ਗੈਂਗ ਦੇ 8 ਗੈਂਗਸਟਰ ਹਥਿਆਰ ਤੇ ਕਾਰਤੂਸ ਸਣੇ ਗ੍ਰਿਫ਼ਤਾਰ



**ਜਲੰਧਰ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਕਮਿਸ਼ਨਰੇਟ ਪੁਲਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ 8 ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ। ਦੱਸਿਆ ਜਾ ਰਿਹਾ ਹੈ ਕਿ ਉਕਤ ਗੈਂਗਸਟਰ ਪੰਜਾਬ ਵਿਚ ਵੱਡੀ ਵਾਰਦਾਤ ਕਰਨ ਦੀ ਫਿਰਾਕ ਵਿਚ ਸਨ। ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਕੋਲੋਂ ਤਿੰਨ ਪਿਸਤੌਲਾਂ, 10 ਕਾਰਤੂਸ ਅਤੇ ਵਾਹਨ ਬਰਾਮਦ ਕੀਤੇ ਗਏ ਹਨ। ਉਕਤ ਗੈਂਗਸਟਰ ਧਮਕੀਆਂ, ਫਿਰੌਤੀ, ਜਬਰੀ ਵਸੂਲੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਸਨ। ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਤੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ ਅਤੇ ਵੱਡੇ ਖ਼ੁਲਾਸੇ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

## ਟੁੱਟਿਆ ਰਿਸ਼ਤਾ ਜੋੜਨ ਲਈ ਰਾਜ਼ੀ ਹੋਏ ਅਮਿਤ ਸ਼ਾਹ ਤੇ ਸੁਖਬੀਰ ਬਾਦਲ ! ਅਕਾਲੀ ਦਲ ਤੇ ਭਾਜਪਾ ਦਾ ਹੋਣ ਜਾ ਰਿਹਾ ਗਠਜੋੜ ?

**ਨਵੀਂ ਦਿੱਲੀ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਲੋਕ ਸਭਾ ਚੋਣਾਂ 2024 ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇੰਡੀਆ ਗਠਜੋੜ ਦਾ ਹਾਲੇ ਤੱਕ ਕੋਈ ਸਿਰ ਪੈਰ ਦਿਖਾਈ ਨਹੀਂ ਦੇ ਰਿਹਾ ਪਰ ਇੱਧਰ ਭਾਜਪਾ ਨੇ ਆਪਣੀ ਨਵੀਂ ਰਣਨੀਤੀ ਬਣਾ ਲਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਅਕਾਲੀ ਦਲ ਤੇ ਬੀਜੇਪੀ ਵਿਚਾਲੇ ਮੁੜ ਗਠਜੋੜ ਹੋਣ ਦੀ ਸੰਭਾਵਨਾ ਹੈ। ਅਕਾਲੀ ਦਲ ਦੇ ਲੀਡਰ ਭਾਜਪਾ ਦੇ ਸੰਪਰਕ ਵਿੱਚ ਹਨ। ਮੰਨਿਆ ਜਾ ਰਿਹਾ ਹੈ ਕਿ ਭਾਜਪਾ ਦੇ ਪੁਰਾਣੇ ਸਹਿਯੋਗੀ ਛੇਤੀ ਹੀ ਇੱਕ ਵਾਰ ਫਿਰ ਐਨਡੀਏ ਵਿੱਚ ਸ਼ਾਮਲ ਹੋ ਸਕਦੇ ਹਨ। ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜਲਦੀ ਹੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਸਮਝੌਤਾ ਹੋ ਸਕਦਾ ਹੈ। ਪੰਜਾਬ ਵਿੱਚ ਦੋਵੇਂ ਪਾਰਟੀਆਂ ਮਿਲ ਕੇ ਲੋਕ ਸਭਾ ਚੋਣਾਂ ਲੜ ਸਕਦੀਆਂ ਹਨ। ਪੰਜਾਬ 'ਚ ਭਾਜਪਾ ਸ਼੍ਰੋਮਣੀ ਅਕਾਲੀ ਦਲ ਨਾਲ ਚੋਣਾਂ ਤੋਂ ਪਹਿਲਾਂ ਗਠਜੋੜ ਕਰ ? ?ਸਕਦੀ ਹੈ। ਸੂਤਰਾਂ ਅਨੁਸਾਰ ਪੰਜਾਬ ਵਿੱਚ ਭਾਜਪਾ ਦੀ ਅਕਾਲੀ ਦਲ ਨਾਲ ਗੱਲਬਾਤ ਅੰਤਿਮ ਪੜਾਅ 'ਤੇ ਚੱਲ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਮਿਲੀ ਕਰਾਰੀ ਹਾਰ ਤੋਂ ਬਾਅਦ ਇਸ ਵਾਰ ਲੋਕ ਸਭਾ ਚੋਣਾਂ ਅਕਾਲੀ ਦਲ ਲਈ ਕਾਫੀ ਚੁਣੌਤੀਆਂ ਭਰੀਆਂ ਹਨ, ਜਿਸ ਕਾਰਨ ਅਕਾਲੀ ਦਲ ਹੁਣ ਇਕ ਵਾਰ ਫਿਰ ਤੋਂ ਚੋਣਾਂ ਲੜਨ ਦੇ ਮੂਡ 'ਚ ਹੈ। ਪੰਜਾਬ ਵਿੱਚ ਦੋਵਾਂ ਪਾਰਟੀਆਂ ਦਾ ਪਹਿਲਾ ਗਠਜੋੜ ਸਾਲ 1996 ਵਿੱਚ ਹੋਇਆ ਸੀ, ਜਿਸ ਤੋਂ ਬਾਅਦ ਦੋਵੇਂ ਪਾਰਟੀਆਂ ਇਕੱਠੀਆਂ ਚੋਣਾਂ ਲੜਦੀਆਂ ਰਹੀਆਂ। 2021 ਦੇ ਕਿਸਾਨ ਅੰਦੋਲਨ ਦੌਰਾਨ ਲਗਭਗ 24 ਸਾਲ ਪੁਰਾਣਾ ਗਠਜੋੜ ਟੁੱਟ ਗਿਆ। ਪੰਜਾਬ ਵਿੱਚ ਅਕਾਲੀ ਦਲ ਅਤੇ ਭਾਜਪਾ ਨੇ ਮਿਲ ਕੇ 5 ਵਾਰ ਵਿਧਾਨ ਸਭਾ ਅਤੇ ਓਨੀ ਹੀ ਵਾਰ ਲੋਕ ਸਭਾ ਚੋਣਾਂ ਲੜੀਆਂ ਹਨ। ਅਕਾਲੀ-ਭਾਜਪਾ ਗਠਜੋੜ ਨੇ ਤਿੰਨ ਵਾਰ ਰਾਜ ਦੀ ਕੁਰਸੀ 'ਤੇ ਕਬਜ਼ਾ ਕੀਤਾ ਸੀ। ਲੋਕ ਸਭਾ ਚੋਣਾਂ ਦੀ ਗੱਲ ਕਰੀਏ ਤਾਂ ਪੰਜਾਬ 'ਚ ਹੁਣ ਤੱਕ ਭਾਜਪਾ 3 ਸੀਟਾਂ 'ਤੇ ਚੋਣ ਲੜ ਰਹੀ ਹੈ ਜਦਕਿ ਅਕਾਲੀ ਦਲ 10 ਸੀਟਾਂ 'ਤੇ ਚੋਣ ਲੜ ਰਿਹਾ ਹੈ। 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਮੋਦੀ ਦਾ ਕਰਿਸ਼ਮਾ ਕੰਮ ਨਹੀਂ ਆਇਆ। ਭਾਜਪਾ ਸੂਬੇ 'ਚ ਸਿਰਫ਼ ਦੋ ਸੀਟਾਂ 'ਤੇ ਹੀ ਕਬਜ਼ਾ ਕਰ ਸਕੀ। ਇਸ ਦੇ ਨਾਲ ਹੀ ਮੋਦੀ ਲਹਿਰ ਦੇ ਬਾਵਜੂਦ ਕਾਂਗਰਸ ਚੰਗਾ ਪ੍ਰਦਰਸ਼ਨ ਕਰਨ 'ਚ ਸਫਲ ਰਹੀ। ਕਾਂਗਰਸ ਪਾਰਟੀ ਨੇ ਇੱਥੇ 13 ਵਿੱਚੋਂ 8 ਸੀਟਾਂ ਜਿੱਤੀਆਂ ਸਨ। ਇਸ ਦੇ ਨਾਲ ਹੀ ਐਨਡੀਏ ਦਾ ਭਾਈਵਾਲ ਅਕਾਲੀ ਦਲ ਵੀ ਦੋ ਸੀਟਾਂ 'ਤੇ ਕਬਜ਼ਾ ਕਰਨ ਵਿੱਚ ਸਫ਼ਲ ਰਿਹਾ। ਇਸ ਚੋਣ ਵਿੱਚ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੇ ਇੱਕ ਸੀਟ ਜਿੱਤ ਕੇ ਆਪਣਾ ਖਾਤਾ ਖੋਲ੍ਹਿਆ ਸੀ।



ਆਵਾਜ਼ਿ ਕੌਮ

Daily Newspaper from U.K.

Publisher/Chief Editor
Raghbir Singh Walsal
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

### ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਸਿੱਖ ਪੰਥ ਆਪਣੇ ਗੁਰਧਾਮਾਂ ਦੇ ਪ੍ਰਬੰਧਾਂ 'ਚ ਸਰਕਾਰੀ ਦਖ਼ਲ ਬਰਦਾਸ਼ਤ ਨਹੀਂ ਕਰ ਸਕਦਾ

**ਅੰਮ੍ਰਿਤਸਰ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਕੀ ਬੋਰਡ 'ਚ ਤਬਦੀਲੀ ਕਰਦਿਆਂ ਬੋਰਡ 'ਚ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਧਾਉਣ ਤੇ ਸਿੱਖ ਸੰਸਥਾਵਾਂ ਦੇ ਮੈਂਬਰਾਂ ਦੀ ਗਿਣਤੀ ਘਟਾਉਣ ਦੇ ਫ਼ੈਸਲੇ ਦਾ ਸਿੱਖ ਸੰਸਥਾਵਾਂ ਸ੍ਰੀ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਇਸ 'ਤੇ ਸਖ਼ਤ ਇਤਰਾਜ਼ ਜਤਾਇਆ ਅਤੇ ਇਸ ਸਬੰਧੀ ਮੁਲਾਕਾਤ ਲਈ ਸਮਾਂ ਮੰਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਨਾਂਦੇੜ ਸਿੱਖ ਗੁਰਦੁਆਰਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ ਐਕਟ 1956 ਵਿੱਚ ਮਹਾਰਾਸ਼ਟਰ ਦੀ ਮੌਜੂਦਾ ਸਰਕਾਰ ਵੱਲੋਂ ਕੀਤੀ ਸੋਧ ਨੇ ਬੋਰਡ ਦੇ ਕੁੱਲ 17 ਮੈਂਬਰਾਂ 'ਚੋਂ 12 ਮੈਂਬਰਾਂ ਨੂੰ ਸਿੱਧੇ ਤੌਰ 'ਤੇ ਨਾਮਜ਼ਦ ਕਰਨ ਦਾ ਰਾਹ ਖੋਲ੍ਹ ਦਿੱਤਾ ਹੈ। ਇਸ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਗਿਣਤੀ 4 ਤੋਂ ਘਟਾ ਕੇ 2 ਕਰ ਦਿੱਤੀ ਹੈ ਜਦਕਿ ਚੀਫ਼ ਖ਼ਾਲਸਾ ਦੀਵਾਨ, ਹਜ਼ੂਰੀ ਸੱਚਖੰਡ ਦੀਵਾਨ ਦੀ ਨਾਮਜ਼ਦਗੀ ਖ਼ਤਮ ਕਰ ਦਿੱਤੀ ਗਈ ਹੈ। ਬੋਰਡ ਦੇ ਮੈਂਬਰ ਬਣਦੇ ਦੋ ਸਿੱਖ ਸੰਸਦ ਮੈਂਬਰਾਂ ਨੂੰ ਵੀ ਨਵੀਂ ਸੋਧ ਵਿੱਚ ਇਸ ਅਧਿਕਾਰ ਤੋਂ ਵਾਂਝੇ ਕਰ ਦਿੱਤਾ ਗਿਆ ਹੈ। ਚੀਮਾ ਨੇ ਐਕਸ 'ਤੇ ਪੋਸਟ ਰਾਹੀਂ ਮਹਾਰਾਸ਼ਟਰ ਸਰਕਾਰ ਦੇ ਉਕਤ ਫ਼ੈਸਲੇ 'ਤੇ ਇਤਰਾਜ਼ ਜਤਾਇਆ ਅਤੇ ਇਸ ਨੂੰ ਅਤਿ ਨਿੰਦਣਯੋਗ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਕਿਹਾ, "ਇਹ ਸਿੱਖ ਧਾਰਮਿਕ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਹੈ, ਜਿਸ ਨੂੰ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ। ਮਹਾਰਾਸ਼ਟਰ ਸਰਕਾਰ ਇਹ ਫ਼ੈਸਲਾ ਤੁਰੰਤ ਵਾਪਸ ਲਵੇ।" ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਉਨ੍ਹਾਂ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਤੇ ਮਾਮਲੇ ਦੀ ਗੰਭੀਰਤਾ ਨੂੰ ਵੇਖਦਿਆਂ ਮੁਲਾਕਾਤ ਲਈ ਸਮਾਂ ਮੰਗਿਆ ਹੈ। ਐਡਵੋਕੇਟ ਧਾਮੀ ਨੇ ਦੋਸ਼ ਲਾਇਆ ਕਿ ਮਹਾਰਾਸ਼ਟਰ ਸਰਕਾਰ ਵੱਲੋਂ ਗੁਰਦੁਆਰਾ ਬੋਰਡ ਦੇ ਢਾਂਚੇ 'ਚ ਛੇੜਛਾੜ ਸਿੱਖ ਗੁਰਧਾਮਾਂ 'ਤੇ ਕਬਜ਼ਾ ਕਰਨ ਦੀ ਕਾਰਵਾਈ ਹੈ, ਜਿਸ ਖਿਲਾਫ਼ ਸਿੱਖ ਜਗਤ ਅੰਦਰ ਵੱਡੇ ਰੋਸ ਦੀ ਲਹਿਰ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪ੍ਰਬੰਧਕੀ ਬੋਰਡ ਦੇ ਐਕਟ 'ਚ ਮਨਮਰਜ਼ੀ ਨਾਲ ਸੋਧ ਕਰਨ ਨੂੰ ਸਿੱਖ ਧਰਮ 'ਚ ਸਿੱਧਾ ਦਖ਼ਲ ਕਰਾਰ ਦਿੱਤਾ ਹੈ।



ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ।।

ਪਰਮ ਸਤਿਕਾਰਯੋਗ........................................ ਜੀਉ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ।।



# 10 ਫਰਵਰੀ 2024 ਦੇ
# ਨੁਮਾਇੰਦਾ ਇਕੱਠ
## ਵਿੱਚ ਜਲੰਧਰ ਪਹੁੰਚਣ ਲਈ ਸੱਦਾ ਪੱਤਰ।

: ਏਜੰਡਾ :

ਪੰਥ ਰਤਨ ਫਖਰੇ ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦਾ ਇਨਸਾਫ ਲੈਣ ਹਿੱਤ ਕਾਨੂੰਨੀ ਪੱਖ ਤੇ ਲੋਕ ਲਹਿਰ ਉਸਾਰਨ ਲਈ।

ਬੇਨਤੀ ਹੈ ਕਿ ਜਿਵੇਂ ਆਪ ਜੀ ਨੂੰ ਭਲੀ ਭਾਂਤ ਪਤਾ ਹੀ ਹੈ ਕਿ ਅੱਜ ਤੋਂ 31 ਸਾਲ ਪਹਿਲਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਦੇ ਹੱਥ ਠੋਕੇ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਤੇ ਉਸਦੇ ਅਹਿਲਕਾਰਾਂ ਨੇ ਉਸ ਸਮੇਂ ਦੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਪੰਥ ਰਤਨ ਫਖਰੇ ਕੌਮ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਉਹਨਾਂ ਦੇ ਆਪਣੇ ਪਿੰਡ ਕਾਉਂਕੇ ਤੋਂ ਪਿੰਡ ਵਾਸੀਆਂ ਦੇ ਸਾਹਮਣੇ ਦਿਨ ਦਿਹਾੜੇ ਗ੍ਰਿਫਤਾਰ ਕਰਕੇ ਸੀ ਆਈ ਏ ਸਟਾਫ ਜਗਰਾਉਂ ਵਿਖੇ ਰੱਖਕੇ ਅਸਹਿ ਤੇ ਅਕਹਿ ਤਸੀਹੇ ਦੇ ਕੇ ਅਤੇ ਕੋਹ ਕੋਹ ਕੇ ਉਹਨਾਂ ਦੇ ਸ਼ਰੀਰ ਦੇ ਟੋਟੇ ਟੋਟੇ ਕਰਕੇ, ਭਾਵੇਂ ਇੱਕ ਜਨਵਰੀ 1993 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਪਰ ਉਸ ਸਮੇਂ ਪੁਲਿਸ ਵਲੋਂ ਉਹਨਾਂ ਨੂੰ ਪੁਲਿਸ ਹਿਰਾਸਤ ਵਿੱਚੋਂ ਭੱਜਣ ਦਾ ਡਰਾਮਾ ਰਚਿਆ ਗਿਆ ਸੀ। ਉਸ ਸਮੇਂ ਤੋਂ ਪੰਥ ਵਲੋਂ ਉਹਨਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਇੱਕ ਸੁਰ ਹੋ ਕੇ ਮੰਗ ਉਠਾਉਣ ਦੇ ਬਾਵਜੂਦ ਕਿਸੇ ਵੀ ਹੁਕਮਰਾਨ ਸਰਕਾਰ ਨੇ ਇਸ ਦਾ ਇਨਸਾਫ ਦੇਣ ਦੀ ਬਜਾਏ ਅੱਖੋਂ ਪਰੋਖੇ ਕਰੀ ਰੱਖਿਆ ਇਥੋਂ ਤੱਕ ਕਿ ਪੰਥ ਦੀਆਂ ਵੋਟਾਂ ਲੈ ਕੇ ਤਿੰਨ ਵਾਰ ਸ. ਪ੍ਰਕਾਸ ਸਿੰਘ ਬਾਦਲ ਦੀ ਅਗਵਾਈ ਹੇਠ ਬਣੀ ਅਕਾਲੀ ਸਰਕਾਰ ਨੇ ਆਪਣੀ ਕੌਮ ਦੇ ਜਥੇਦਾਰ ਦਾ ਇਨਸਾਫ ਤਾਂ ਕੀ ਦੇਣਾ ਸੀ ਸਗੋਂ ਕਾਤਲ ਪੁਲਿਸ ਅਫਸਰਾਂ ਨੂੰ ਉਹਨਾਂ ਦੇ ਪਸੰਦੀ ਦੇ ਉੱਚ ਆਹੁਦੇ ਦੇ ਕੇ ਨਿਵਾਜਿਆ ਗਿਆ। ਸ. ਪ੍ਰਕਾਸ ਸਿੰਘ ਬਾਦਲ ਬਾਦਲ ਨੇ ਮੁੱਖ ਮੰਤਰੀ ਤੇ ਸ. ਸੁਖਬੀਰ ਸਿੰਘ ਬਾਦਲ ਨੇ ਗ੍ਰਹਿ ਮੰਤਰੀ ਰਹਿੰਦਿਆਂ ਲਗਾਤਾਰ ਕ੍ਰਮਵਾਰ 13 ਤੇ 8 ਸਾਲ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਨੂੰ ਆਪਣੇ ਸਿਰਹਾਣੇ ਤੇ ਗੋਡੇ ਥੱਲੇ ਦਬਾਅ ਕੇ ਕਾਤਲਾਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਬਚਾਉਂਦੇ ਤੇ ਲਕਾਉਂਦੇ ਰਹੇ।

ਪ੍ਰੰਤੂ ਹੁਣ ਉਨਾਂ ਦੇ ਕਤਲ ਦੀ 25 ਸਾਲਾਂ ਬਾਅਦ ਪੁਲਿਸ ਅਫਸਰ ਬੀ ਪੀ ਤਿਵਾੜੀ ਦੀ ਜਾਂਚ ਰਿਪੋਰਟ ਜਨਤਕ ਹੋ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਦਾਖਲ ਹੋਈ ਹੈ। ਇਸ ਰਿਪੋਰਟ ਨੇ ਅੱਜ ਸੰਸਾਰ ਪੱਧਰ ਤੇ ਸਿੱਖ ਕੌਮ ਨੂੰ ਮੁੜ ਅਗਵਾਈ ਦਿੰਦਿਆ ਉਸ ਦੌਰ ਦੀਆਂ ਵਧੀਕੀਆਂ ਤੇ ਜਬਰ ਜੁਲਮ ਦਾ ਇਨਸਾਫ ਲੈਣ ਅਤੇ ਖੇਰੂ-ਖੇਰੂ ਹੋਈ ਕੌਮ ਨੂੰ ਜਗਾਉਣ ਅਤੇ ਇੱਕ ਮੰਚ ਤੇ ਇਕੱਠਿਆਂ ਹੋਣ ਲਈ ਲੋਕ ਲਹਿਰ ਖੜ੍ਹੀ ਕਰਨ ਲਈ ਹਲੂਣਾ ਦਿੱਤਾ ਹੈ।

ਸੋ ਆਓ ਪੰਥ ਅਤੇ ਪੰਜਾਬ ਦੇ ਦਰਦੀਓ, ਸਾਬਕਾ ਜੱਜ ਸਾਹਿਬਾਨ, ਵਕੀਲ ਸਾਹਿਬਾਨ ਮਨੁੱਖੀ ਅਧਿਕਾਰਾਂ ਲਈ ਅਵਾਜ ਬੁਲੰਦ ਕਰਨ ਵਾਲਿਓ, 10 ਫਰਵਰੀ 2024 ਨੂੰ ਸਵੇਰੇ 11 ਵਜੇ ਜਲੰਧਰ-ਨਕੋਦਰ ਰੋਡ 'ਤੇ ਰੌਇਲ ਰਿਜ਼ੋਰਟ ਵਿਖੇ ਪੁੱਜਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ। ਸੋ ਗੁਰੂ ਹੁਕਮਾਂ ਦੀ ਰੋਸਨੀ ਵਿੱਚ, ਭਵਿੱਖੀ ਰਣਨੀਤੀ ਤਿਆਰ ਕਰਨ ਲਈ ਜਥੇਦਾਰ ਕਾਉਂਕੇ ਦੇ ਇਨਸਾਫ ਲੈਣ ਲਈ ਮੀਟਿੰਗ ਵਿੱਚ ਪਹੁੰਚਣ ਦਾ ਸੱਦਾ ਪ੍ਰਵਾਨ ਕਰਨਾ ਜੀ।

: ਨੋਟ :

ਜਥੇਦਾਰ ਕਾਉਂਕੇ ਸਾਹਿਬ ਦੇ ਮੁੱਦੇ ਤੇ ਇਨਸਾਫ ਲੈਣ ਲਈ ਕਨੂੰਨੀ ਰਾਏ ਤੇ ਲੋਕ ਲਹਿਰ ਖੜ੍ਹੀ ਕਰਨ ਲਈ ਆਪਣੇ ਕੀਮਤੀ ਸੁਝਾਅ ਸੰਖੇਪ ਸਬਦਾਂ ਵਿੱਚ ਲਿਖ ਕੇ ਲੈ ਕੇ ਆਉਣ ਦੀ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਧੰਨਵਾਦੀ ਹੋਵਾਂਗੇ।

ਆਵਾਜ਼ਿ ਕੌਮ AWAZE QAUM International Newspaper & WEB TV

: ਗੁਰੂ ਪੰਥ ਦੇ ਦਾਸ :


**ਤਾਲਮੇਲ ਇਨਸਾਫ਼ ਕਮੇਟੀ**

**ਪੰਥ ਰਤਨ ਫਖਰੇ ਕੌਮ ਅਮਰ ਸ਼ਹੀਦ ਸਿੰਘ ਸਾਹਿਬ ਜਥੇਦਾਰ ਗੁਰਦੇਵ ਸਿੰਘ ਕਾਉਂਕੇ**

ਕਾਰਜਕਾਰੀ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ

ਸੰਪਰਕ ਨੰਬਰ : 9872482164, 9814013915, 9814015740, 9779750126, 9876072000, 8146696144, 9872065105, 8699663440, 9814645568

ਕਾਨੂੰਨੀ ਸੁਝਾਅ ਦੇਣ ਵਾਸਤੇ ਨੰਬਰ : 9878421013





# ਜੈਤੋ ਦੇ ਮੋਰਚੇ ਦੀ ਸ਼ਤਾਬਦੀ ਦੀਆਂ ਤਿਆਰੀਆਂ ਸਬੰਧੀ ਪ੍ਰਚਾਰਕਾਂ ਨਾਲ ਕੀਤੀ ਇਕੱਤਰਤਾ

ਨਵੀਂ ਦਿੱਲੀ, 8 ਫ਼ਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 21 ਫ਼ਰਵਰੀ ਨੂੰ ਮਨਾਈ ਜਾ ਰਹੀ ਜੈਤੋ ਦੇ ਮੋਰਚੇ ਦੀ 100 ਸਾਲਾ ਸ਼ਤਾਬਦੀ ਦੇ ਸਮਾਗਮਾਂ ਦੀਆਂ ਤਿਆਰੀਆਂ ਸਬੰਧੀ ਅੱਜ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਨਾਲ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਇਸ ਇਕੱਤਰਤਾ ਵਿਚ ਜੈਤੋ ਮੋਰਚੇ ਦੀ 100 ਸਾਲਾ ਸ਼ਤਾਬਦੀ ਨੂੰ ਸਮਰਪਿਤ ਕੀਤੇ ਜਾ ਰਹੇ ਗੁਰਮਤਿ ਸਮਾਗਮਾਂ ਦੀ ਸਮੀਖਿਆ ਕੀਤੀ ਗਈ ਅਤੇ ਭਵਿੱਖ ਵਿਚ ਕੀਤੇ ਜਾਣ ਵਾਲੇ ਸਮਾਗਮਾਂ ਬਾਰੇ ਚਰਚਾ ਕੀਤੀ ਗਈ। ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਓਐਸਡੀ ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਅਤੇ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਪ੍ਰਚਾਰਕ ਸਿੰਘਾਂ ਨਾਲ ਵਿਚਾਰ ਸਾਂਝੇ ਕੀਤੇ। ਇਕੱਤਰਤਾ ਮਗਰੋਂ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਜੈਤੋ ਦਾ ਮੋਰਚਾ ਸਿੱਖ ਇਤਿਹਾਸ ਦਾ ਇਕ ਗੌਰਵਸ਼ਾਲੀ ਅਧਿਆਇ ਹੈ। ਇਸ ਮੋਰਚੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੀ 100 ਸਾਲਾ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਮਨਾਈ ਜਾ ਰਹੀ ਹੈ। ਭਾਈ ਮਹਿਤਾ ਨੇ ਕਿਹਾ ਕਿ ਇਸ ਇਤਿਹਾਸਕ ਦਿਹਾੜੇ ਸਬੰਧੀ ਸੰਗਤਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰਕ ਜਥਿਆਂ ਦਾ ਵੱਡਾ ਰੋਲ ਹੈ, ਜਿਸ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਜਥਿਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜੈਤੋ ਦੇ ਮੋਰਚੇ ਨੂੰ ਸਮਰਪਿਤ ਧਰਮ ਪ੍ਰਚਾਰ ਕਮੇਟੀ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਦੀ ਜਿਥੇ ਅੱਜ ਸਮੀਖਿਆ ਕੀਤੀ ਗਈ ਹੈ, ਉਥੇ ਹੀ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ 19, 20 ਅਤੇ 21 ਫ਼ਰਵਰੀ, 2024 ਨੂੰ ਕਰਵਾਏ ਜਾਣ ਵਾਲੇ ਸਮਾਗਮਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ ਹਨ।



ਸਮਾਗਮਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 19 ਫ਼ਰਵਰੀ ਨੂੰ ਜੈਤੋ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, 20 ਫ਼ਰਵਰੀ ਨੂੰ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਗੁਰਮਤਿ ਸਮਾਗਮ ਵਿਚ ਹਾਜ਼ਰੀ ਭਰੀ ਜਾਵੇਗੀ। ਇਸੇ ਤਰ੍ਹਾਂ 21 ਫ਼ਰਵਰੀ ਨੂੰ ਜੈਤੋ ਮੋਰਚੇ ਦੀ 100 ਸਾਲਾ ਸ਼ਤਾਬਦੀ ਸਬੰਧੀ ਮੁੱਖ ਸਮਾਗਮ ਹੋਵੇਗਾ, ਜਿਸ ਵਿਚ ਸਿੰਘ ਸਾਹਿਬਾਨ, ਤਖ਼ਤ ਸਾਹਿਬਾਨ ਦੇ ਜਥੇਦਾਰ, ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੀਆਂ। ਉਨ੍ਹਾਂ ਪ੍ਰਚਾਰਕਾਂ ਨੂੰ ਸਮਾਗਮਾਂ ਪ੍ਰਤੀ ਵੱਧ ਤੋਂ ਵੱਧ ਸੰਗਤਾਂ ਨੂੰ ਪ੍ਰੇਰਿਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਸਕੱਤਰ ਸ. ਪ੍ਰਤਾਪ ਸਿੰਘ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ. ਹਰਭਜਨ ਸਿੰਘ ਵਕਤਾ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਇੰਚਾਰਜ ਸ. ਮਲਕੀਤ ਸਿੰਘ ਬਹਿੜਵਾਲ, ਸ. ਕਰਤਾਰ ਸਿੰਘ, ਸ. ਬਹਾਲ ਸਿੰਘ, ਅਨੰਦਪੁਰ ਜੋਨ ਦੇ ਇੰਚਾਰਜ ਸ. ਗੁਰਭਾਗ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਜੋਨ ਦੇ ਇੰਚਾਰਜ ਸ. ਜਗਪਾਲ ਸਿੰਘ, ਸਮੇਤ ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV







# ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ 'ਰਾਸ਼ਟਰੀ ਸਟਾਰਟ ਅੱਪ ਦਿਹਾੜੇ' ਮੌਕੇ ਸਮਾਰੋਹਾਂ ਦਾ ਆਯੋਜਨ

**ਤਲਵੰਡੀ ਸਾਬੋ, 08 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਭਾਰਤ ਸਰਕਾਰ ਦੇ ਮਨੁੱਖੀ ਸੰਸਾਧਨ ਮੰਤਰਾਲੇ ਦੀ ਪਹਿਲ ਤੇ ਉਪ ਕੁਲਪਤੀ ਪ੍ਰੋ. (ਡਾ.) ਐਸ.ਕੇ.ਬਾਵਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਦੀਆਂ ਵੱਖ-ਵੱਖ ਫੈਕਲਟੀਜ਼ ਵੱਲੋਂ "ਰਾਸ਼ਟਰੀ ਸਟਾਰਟ-ਅੱਪ ਦਿਹਾੜਾ" ਸਮਾਰੋਹਾਂ ਦਾ ਆਯੋਜਨ ਕਰਕੇ ਮਨਾਇਆ ਗਿਆ। ਇਸ ਮੌਕੇ ਫੈਕਲਟੀ ਆਫ਼ ਵਿਜ਼ੂਅਲ ਐਂਡ ਪਰਫੋਰਮਿੰਗ ਆਰਟਸ ਦੇ ਡੀਨ ਡਾ. ਕੰਵਲਜੀਤ ਕੌਰ ਦੀ ਦੇਖ-ਰੇਖ ਹੇਠ ਪੇਂਟਿੰਗ, ਟੈਟੂ ਕਲਾ, ਮੂਰਤੀ ਨਿਰਮਾਣ, ਕਢਾਈ, ਸਕੈਚ, ਮਹਿੰਦੀ ਆਦਿ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਵੱਲੋਂ ਬਣਾਈਆਂ ਗਈਆਂ ਵੱਖ-ਵੱਖ ਕਲਾਕ੍ਰਿਤੀਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਸਮਾਰੋਹ ਵਿੱਚ ਡੀਨ ਅਕਾਦਮਿਕ, ਡਾ. ਪ੍ਰਦੀਪ ਕੌੜਾ ਅਤੇ ਵਾਈਸ ਪ੍ਰੈਸੀਡੈਂਟ ਆਈ.ਆਈ.ਸੀ. ਡਾ. ਵਿਜੈ ਲਕਸ਼ਮੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੁਕਾਬਲੇ ਵਿੱਚ 'ਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਲਗਭਗ 70 ਵਿਦਿਆਰਥੀਆਂ ਨੇ ਹਿੱਸਾ ਲਿਆ। ਫੈਕਲਈ ਆਫ਼ ਵਿਜ਼ੂਅਲ ਐਂਡ ਪਰਫੋਰਮਿੰਗ ਆਰਟਸ ਦੀ ਡੀਨ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਮੰਤਵ ਵਿਦਿਆਰਥੀਆਂ ਨੂੰ ਬਾਜ਼ਾਰ ਵਿੱਚ ਆ ਰਹੀਆਂ ਚੁਣੌਤੀਆਂ ਤੇ ਜ਼ਰੂਰਤਾਂ ਤੋਂ ਜਾਣੂ ਕਰਵਾਉਣਾ ਤੇ ਉਨ੍ਹਾਂ ਨੂੰ ਸ੍ਵੈ- ਉਦਯੋਗ ਸਥਾਪਿਤ ਕਰਨ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀ ਪੜਨ ਤੋਂ ਬਾਦ ਆਪਣੀ ਆਰਟ ਗੈਲਰੀ, ਮੂਰਤੀ ਕਲਾ, ਟੈਟੂ ਕਲਾ, ਸਿਲਾਈ ਕਢਾਈ ਨੂੰ ਆਪਣੇ ਰੁਜ਼ਗਾਰ ਵਜੋਂ ਅਪਣਾ ਕੇ ਆਪਣੇ ਪੈਰਾਂ 'ਤੇ ਖੜ੍ਹ ਹੋ ਸਕਦੇ ਹਨ ਅਤੇ ਇਹ ਲੜਕੀਆਂ ਲਈ ਸ੍ਵੈ-ਨਿਰਭਰਤਾ ਵੱਲ ਪਹਿਲਾ ਕਦਮ ਹੈ। 'ਵਰਸਿਟੀ ਦੇ ਫੈਕਲਟੀ ਆਫ਼ ਮੈਨੇਜ਼ਮੈਂਟ ਅਤੇ ਕਾਮਰਸ ਵੱਲੋਂ ਮਾਰਕਿਟਿੰਗ ਵਿਭਾਗ ਦੇ ਸਹਿਯੋਗ ਨਾਲ ਡੀਨ ਡਾ. ਪਰਵੀਨ ਕੁਮਾਰ ਤੇ ਮਾਰਕਿਟਿੰਗ ਮੈਨੇਜ਼ਰ ਕਰਨਬੀਰ ਸਿੰਘ ਸਿੱਧੂ ਦੀ ਦੇਖ-ਰੇਖ ਹੇਠ "ਡਿਜ਼ਾਈਨ ਫੋਰਜ਼ ਲੋਗੋ" ਤਹਿਤ ਡਿਜ਼ਾਇਨਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਪਨਾ ਸ਼ਕਤੀ ਅਤੇ ਰਚਨਾਤਮਕਤਾ ਰਾਹੀਂ ਵੱਖ-ਵੱਖ ਖੂਬਸੂਰਤ ਤੇ ਪ੍ਰਭਾਵਸ਼ਾਲੀ ਲੋਗੋ ਬਣਾਏ। ਇਸ ਮੁਕਾਬਲੇ ਵਿੱਚ ਲਗਭਗ 25 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਡਾ. ਪਰਵੀਨ ਨੇ ਦੱਸਿਆ ਕਿ ਬਾਜ਼ਾਰ ਤੇ ਉਦਯੋਗਾਂ ਵਿੱਚ ਕੰਪਿਊਟਰ ਡਿਜ਼ਾਇਨਰਾਂ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮੁਕਾਬਲੇ ਕਰਵਾਏ ਗਏ ਹਨ ਤਾਂ ਕਿ ਵਿਦਿਆਰਥੀਆਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਮੰਚ ਮਿਲ ਸਕੇ। ਉਨ੍ਹਾਂ ਦੱਸਿਆ ਕਿ 'ਵਰਸਿਟੀ ਵੱਲੋਂ ਕੰਪਿਊਟਰ ਡਿਜ਼ਾਇਨਿੰਗ ਅਤੇ ਸ੍ਵੈ-ਉਦਯੋਗ ਸਥਾਪਿਤ ਕਰਨ ਲਈ ਮਾਹਿਰਾਂ ਦੀ ਦੇਖ-ਰੇਖ ਹੇਠ ਕਈ ਵਰਕਸ਼ਾਪ, ਸੈਮੀਨਾਰ ਅਤੇ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂਕਿ ਵਿਦਿਆਰਥੀਆਂ ਦੇ ਹੁਨਰ ਨੂੰ ਨਿਖਾਰਿਆ ਜਾ ਸਕੇ, ਜਿਸ ਸਦਕਾ ਉਹ ਆਪਣੀ ਕਲਾ ਨੂੰ ਰੁਜ਼ਗਾਰ ਦਾ ਸਾਧਨ ਬਣਾ ਸਕਣ ਤੇ ਦੂਜਿਆਂ ਨੂੰ ਰੁਜ਼ਗਾਰ ਮੁਹੱਈਆ ਕਰਵਾ ਸਕਣ। ਪ੍ਰਤਿਯੋਗਿਤਾ ਵਿੱਚ ਆਯੁਸ਼ ਮੰਥਮ ਨੇ ਪਹਿਲਾ ਤੇ ਪ੍ਰਿੰਸ ਪ੍ਰਭਾਕਰ ਨੇ ਦੂਜਾ ਸਥਾਨ ਹਾਸਿਲ ਕੀਤਾ। ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ।



ਆਵਾਜ਼ਿ ਕੌਮ AWAZE QAUM International Newspaper & WEB TV

ਪੰਥੀਆ ਸਬਦੁ ਸਚੀ ਟਕਸਾਲ ॥
ਦਮਦਮੀ ਟਕਸਾਲ
ਜਥਾ ਭਿੰਡਰਾਂ (ਮਹਿਤਾ)
www.damdamitaksal.net
ਨਾਮ ਜਪੋ
ਕਿਰਤ ਕਰੋ
ਵੰਡ ਛਕੋ
Naam Japo
Kirat Karo
Vand Shako
ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ
Learn Gatka
www.damdamitaksal.net

ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ

ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446

ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਦੇਗ ਤੇਗ ਫਤਹਿ॥ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥ ਪੰਥ ਕੀ ਜੀਤ॥

## ਧੰਨ-ਧੰਨ 108
## ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ ਦਿਹਾੜਾ
# ਮਿਤੀ 16, 17, 18 ਫ਼ਰਵਰੀ 2024 ਨੂੰ

ਗੁਰਦਵਾਰਾ ਸਾਹਿਬ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਵਿਖੇ ਮਨਾਇਆ ਜਾ ਰਿਹਾ ਹੈ।



## ਵਿਸ਼ੇਸ਼ ਪ੍ਰੋਗਰਾਮ:

16-2-2024 ਦਿਨ ਸ਼ੁਕਰਵਾਰ
ਅਰੰਭ ਦੋ ਸ੍ਰੀ ਅਖੰਡ ਪਾਠ ਸਾਹਿਬ ਜੀ 11 ਵਜੇ ਸਵੇਰੇ।
18-2-2024 ਦਿਨ ਐਤਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 10 ਵਜੇ ਸਵੇਰੇ।

16-17 ਫ਼ਰਵਰੀ ਨੂੰ 7 ਤੋਂ 8 ਵਜੇ ਤਕ ਸ਼ਾਮ ਦੇ ਦੀਵਾਨ ਸਜਣਗੇ
ਭੋਗ ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ ਜਿਸ ਵਿਚ ਬੁਲਾਰੇ ਅਤੇ ਹੋਰ ਗੁਣੀ ਗਿਆਨੀ ਸੰਗਤਾਂ ਨੂੰ ਵਾਰਾਂ ਰਾਹੀਂ ਨਿਹਾਲ ਕਰਨਗੇ।
ਇਸ ਮੌਕੇ ਗੁਰੂ ਕਾ ਲੰਗਰ ਤਿੰਨੋ ਦਿਨ ਅਤੁੱਟ ਵਰਤੇਗਾ।
ਸਮੂਹ ਸੰਗਤ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਧਾਰਮਿਕ ਸਮਾਗਮ ਵਿਚ ਹੁੰਮ ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਵਲੋਂ:-** ਸਮੂਹ ਸੰਗਤ ਅਤੇ ਨਗਰ ਨਿਵਾਸੀ ਪਿੰਡ ਬੱਲੋਵਾਲ (ਸ਼ਹੀਦ ਭਗਤ ਸਿੰਘ ਨਗਰ) ਅਤੇ ਗੁਰਦਵਾਰਾ ਬਾਬਾ ਸੰਗ ਜੀ ਸਮੈਦਿਕ (ਬਰਮਿੰਘਮ) ਦੀ ਪ੍ਰਬੰਧਕ ਕਮੇਟੀ।

# Gurdwara Baba Sang Ji

7-9 St. Pauls Road, Smethwick, Birmingham, West Midlands B66 1EE Tel: 0121 558 2681





### ਅਕਾਲ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ

# ਇਕ ਰੋਜਾ ਵਿਦਿਅਕ ਟੂਰ ਲਗਾਇਆ



ਤਲਵੰਡੀ ਸਾਬੋ, 08 ਫਰਵਰੀ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦਾ ਪੰਜਾਬੀ ਵਿਭਾਗ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨਾਲ ਜੋੜਨ ਲਈ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਦਾ ਆਯੋਜਨ ਕਰਦਾ ਰਹਿੰਦਾ ਹੈ। ਇਸ ਪ੍ਰਸੰਗ ਵਿਚ ਹੀ ਪੰਜਾਬੀ ਵਿਭਾਗ ਵੱਲੋਂ ਇਕ ਰੋਜਾ ਵਿਦਿਅਕ ਟੂਰ ਲਗਾਇਆ ਗਿਆ। ਪੰਜਾਬੀ ਵਿਭਾਗ ਦੇ ਬੀ. ਏ. ਤੇ ਐੱਮ. ਏ. ਦੇ ਵਿਦਿਆਰਥੀ ਅਤੇ ਖੋਜਾਰਥੀ ਵਿਭਾਗ ਦੇ ਅਧਿਆਪਕਾਂ ਦੀ ਅਗਵਾਈ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਲਗੇ ਪੁਸਤਕ ਮੇਲੇ ਵਿਚ ਪਹੁੰਚੇ। ਵਿਦਿਆਰਥੀਆਂ ਨੇ ਮੇਲੇ ਵਿਚ ਵਿਚਰਦਿਆਂ ਜਿੱਥੇ ਵੱਖ-ਵੱਖ ਲੇਖਕਾਂ ਨਾਲ ਮੁਲਾਕਾਤ ਕੀਤੀ, ਉੱਥੇ ਪੁਸਤਕ ਮੇਲੇ ਦੇ ਵੱਖ ਵੱਖ ਸੈਸ਼ਨਾਂ ਦੌਰਾਨ ਵੱਖ-ਵੱਖ ਵਿਦਵਾਨ ਸ਼ਖ਼ਸੀਅਤਾਂ ਨੂੰ ਵੀ ਸੁਣਿਆ। ਲਗਭਗ ਹਰ ਵਿਦਿਆਰਥੀ ਨੇ ਆਪਣੀ ਆਪਣੀ ਪਸੰਦ ਮੁਤਾਬਿਕ ਕਿਤਾਬਾਂ ਖਰੀਦੀਆਂ। ਵਿਭਾਗ ਮੁਖੀ ਡਾ. ਸੰਦੀਪ ਸਿੰਘ ਨੇ ਵਿਦਿਅਕ ਟੂਰ ਦੌਰਾਨ ਦਿਖੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਅਜਿਹੇ ਮੇਲਿਆਂ ਦੀ ਯਾਤਰਾ ਨਾਲ ਵਿਦਿਆਰਥੀਆਂ ਦੀਆਂ ਸਕਰਾਤਮਕ ਸਾਹਿਤਕ ਸਮਰੱਥਾ ਵਿਚ ਨਿਸ਼ਚਿਤ ਤੌਰ 'ਤੇ ਵਾਧਾ ਹੁੰਦਾ ਹੈ।

# ਭਾਜਪਾ ਸਾਡੇ ਗੁਰਧਾਮਾਂ ਤੇ ਕਰਨਾ ਚਾਹੁੰਦੀ ਸਿੱਧੇ ਤੌਰ ਤੇ ਕਬਜ਼ੇ, ਪ੍ਰਮਾਣ ਹਜੂਰ ਸਾਹਿਬ ਪ੍ਰਬੰਧਕੀ ਵਿੱਚੋਂ ਸਿੱਖਾਂ ਨੂੰ ਘੱਟ ਕਰਨਾ: ਸਰਨਾ

ਨਵੀਂ ਦਿੱਲੀ 8 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਦੇਸ਼ ਦੀ ਵੰਡ ਵੇਲੇ ਸਿੱਖਾਂ ਨਾਲ ਜਿਹੜੇ ਵਾਅਦੇ ਕੀਤੇ ਗਏ ਸਨ । ਉਹ ਸਾਰੇ ਆਜ਼ਾਦ ਭਾਰਤ ਅੰਦਰ ਇਕ ਇਕ ਕਰਕੇ ਟੁੱਟ ਰਹੇ ਹਨ । ਜਿਸਦੀ ਤਾਜ਼ਾ ਮਿਸਾਲ ਮਹਾਂਰਾਸ਼ਟਰ ਸਰਕਾਰ ਵਲੋਂ ਤਖ਼ਤ ਸੱਚਖੰਡ ਅਬਿਚਲ ਨਗਰ ਹਜ਼ੂਰ ਸਾਹਿਬ ਬੋਰਡ ਦੇ 1956 ਵਾਲੇ ਐਕਟ ਨੂੰ ਬਿਨਾ ਸਿੱਖ ਕੌਮ ਤੇ ਕੌਮ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਕੋਈ ਰਾਇ ਮਸ਼ਵਰਾ ਕਰਦਿਆਂ ਆਪ ਹੁਦਰੇ ਢੰਗ ਨਾਲ ਤੋੜਦਿਆਂ ਸਰਕਾਰੀ ਮੈਂਬਰਾਂ ਦੀ ਗਿਣਤੀ ਨੂੰ 7 ਤੋਂ ਵਧਾਕੇ 12 ਕਰ ਦਿੱਤਾ ਗਿਆ ਹੈ ਤੇ ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ ਨੂੰ 4 ਤੋਂ ਘੱਟ ਕਰਦਿਆਂ 2 ਕਰ ਦਿੱਤਾ ਹੈ । ਇਹ ਸਿੱਖ ਕੌਮ ਦੇ ਅੰਦਰੂਨੀ ਮਸਲਿਆਂ ਤੇ ਗੁਰਦੁਆਰਾ ਪ੍ਰਬੰਧ ਵਿੱਚ ਸਿੱਧਾ ਦਖਲ ਹੈ । ਜੋ ਸਿੱਖ ਕੌਮ ਕਿਸੇ ਵੀ ਸ਼ਰਤ ਤੇ ਪ੍ਰਵਾਨ ਨਹੀਂ ਕਰੇਗੀ ।



ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਬਿਆਨ ਰਾਹੀਂ ਕਿਹਾ ਕਿ ਕਿਸੇ ਵੀ ਸਰਕਾਰ ਨੂੰ ਸਿੱਖਾਂ ਦੇ ਗੁਰਦੁਆਰਾ ਪ੍ਰਬੰਧ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ । ਪਰ ਜਿਸ ਤਰ੍ਹਾਂ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਦੀ ਮਨਸ਼ਾ ਹੈ ਉਸ ਤੋਂ ਸਾਫ ਜ਼ਾਹਰ ਹੈ ਕਿ ਹੁਣ ਭਾਜਪਾ ਸਾਡੇ ਗੁਰਧਾਮਾਂ ਤੇ ਸਿੱਧੇ ਕਬਜ਼ੇ ਕਰਨਾ ਚਾਹੁੰਦੀ ਹੈ । ਜੋ ਸਿੱਖ ਕਦੇ ਬਰਦਾਸ਼ਤ ਨਹੀ ਕਰਨਗੇ । ਸ਼੍ਰੋਮਣੀ ਕਮੇਟੀ ਭਾਰਤ ਦੀ ਆਜ਼ਾਦੀ ਤੋਂ ਵੀ ਪਹਿਲਾਂ ਹੋਂਦ 'ਚ ਆਈ ਸਿੱਖਾਂ ਦੀ ਨੁਮਾਇੰਦਾ ਜਮਾਤ ਹੈ ਤੇ ਸਿੱਖਾਂ ਦੀ ਪਾਰਲੀਮੈਂਟ ਹੈ । ਜਿਸਦੀ ਮਰਜ਼ੀ ਦੇ ਬਗੈਰ ਸਿੱਖਾਂ ਦੇ ਕਿਸੇ ਵੀ ਮਸਲੇ 'ਚ ਦਖਲ ਦੇਣ ਦਾ ਜਾਂ ਗੁਰਦੁਆਰਾ ਐਕਟਾਂ ਵਿੱਚ ਸੋਧਾਂ ਕਰਨ ਦਾ ਕੋਈ ਹੱਕ ਨਹੀਂ । ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪਣਾ ਪ੍ਰਭਾਵ ਵਰਤਕੇ ਇਸ ਐਕਟ ਨੂੰ ਬਿਨਾ ਕਿਸੇ ਦੇਰੀ ਦੇ ਵਾਪਸ ਕਰਵਾਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਲਾਹ ਤੇ ਮਰਜ਼ੀ ਤੋਂ ਬਿਨਾ ਕਿਸੇ ਵੀ ਤਰੀਕੇ ਦੀ 1956 ਵਾਲੇ ਐਕਟ ਵਿੱਚ ਸੋਧ ਨਾ ਕੀਤੀ ਜਾਵੇ ਅਤੇ 1956 ਵਾਲਾ ਪੁਰਾਣਾ ਐਕਟ ਉਤਨਾ ਚਿਰ ਬਹਾਲ ਰੱਖਿਆ ਜਾਵੇ ।ਨਹੀਂ ਤਾਂ ਸਿੱਖਾਂ ਦਾ ਵਿਰੋਧ ਦਾ ਸਾਹਮਣਾ ਕਰਨ ਲਈ ਇਸਨੂੰ ਤਿਆਰ ਰਹਿਣਾ ਚਾਹੀਦਾ ਹੈ ।




## ਭਾਕਿਯੂ ਡਕੌਂਦਾ ਵੱਲੋਂ ਭਾਰਤ ਬੰਦ ਲਈ ਲਾਮਬੰਦੀ

# 16 ਨੂੰ ਪੇਂਡੂ ਭਾਰਤ ਬੰਦ ਦਾ ਸੱਦਾ



**ਤਲਵੰਡੀ ਸਾਬੋ**, 08 **ਫਰਵਰੀ (ਗੁਰਜੰਟ ਸਿੰਘ ਨਥੇਹਾ)**- 16 ਫਰਵਰੀ ਨੂੰ ਮੁਕੰਮਲ ਪੇਂਡੂ ਭਾਰਤ ਬੰਦ ਤਹਿਤ ਲੋਕ ਕੇਂਦਰ ਸਰਕਾਰ ਦੇ ਨੱਕ ਵਿੱਚ ਦਮ ਲਿਆ ਦੇਣਗੇ। ਇਹ ਗੱਲਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜਿਲਾ ਪ੍ਰਧਾਨ ਬਲਦੇਵ ਸਿੰਘ ਭਾਈਰੂਪਾ ਅਤੇ ਜ਼ਿਲ੍ਹਾ ਜਰਨਲ ਸਕੱਤਰ ਰਾਜਮਹਿੰਦਰ ਸਿੰਘ ਕੋਟਭਾਰਾ ਨੇ ਬਲਾਕ ਦੀ ਮੀਟਿੰਗ ਦੌਰਾਨ ਕੀਤਾ। ਉਹਨਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸੱਦੇ ਤੇ 16 ਫਰਵਰੀ ਨੂੰ ਭਾਰਤ ਮੁਕੰਮਲ ਤੌਰ 'ਤੇ ਪੇਂਡੂ ਭਾਰਤ ਬੰਦ ਹੋਵੇਗਾ। ਅੱਜ ਦੀ ਮੀਟਿੰਗ ਪੇਂਡੂ ਭਾਰਤ ਬੰਦ ਲਾਮਬੰਦੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਭਾਰਤ ਬੰਦ ਮੁੜ ਤੋਂ ਦਿੱਲੀ ਅੰਦੋਲਨ ਦੀ ਤਰਜ ਤੇ ਸਾਰੇ ਭਾਈਚਾਰਿਆਂ ਦਾ ਸਮਰਥਨ ਹਾਸਲ ਕਰਕੇ ਕੇਂਦਰ ਦੀ ਅੰਨੀ ਬੋਲੀ ਸਰਕਾਰ ਨੂੰ ਜਗਾਉਣ ਦਾ ਕੰਮ ਕਰੇਗਾ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਜਥੇਬੰਦੀਆਂ ਦਾ ਸਾਥ ਦਿਓ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੂਲਾ ਸਿੰਘ ਜਿਲਾ ਖਜਾਨਚੀ, ਲਛਮਣ ਸਿੰਘ ਭਾਗੀਵਾਂਦਰ ਬਲਾਕ ਪ੍ਰਧਾਨ, ਮੇਜਰ ਸਿੰਘ ਕੋਟਭਾਰਾ ਜਰਨਲ ਸਕੱਤਰ, ਸੋਨੂੰ ਅਜ਼ਾਦ ਲਹਿਰੀ ਪ੍ਰੈੱਸ ਸਕੱਤਰ, ਜਸਪਾਲ ਸਿੰਘ ਰਾਜਗੜ੍ਹ ਕੁੱਬੇ ਖਜਾਨਚੀ, ਜਗਜੀਤ ਸਿੰਘ ਘੁੰਮਣ, ਅਵਤਾਰ ਸਿੰਘ ਰਾਜਗੜ ਕੁੱਬੇ, ਦਰਸ਼ਨ ਸਿੰਘ ਭਾਗੀਵਾਂਦਰ, ਗੁਰਦੀਪ ਸਿੰਘ, ਮੰਦਰ ਸਿੰਘ, ਬੂਟਾ ਸਿੰਘ ਰਾਮਸਰਾ, ਜਗਜੀਤ ਸਿੰਘ ਤਰਖਾਣ ਵਾਲਾ ਅਤੇ ਹਰਦੀਪ ਸਿੰਘ ਰਾਜਗੜ੍ਹ ਕੁੱਬੇ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਮਹਾਰਾਸ਼ਟਰ ਸਰਕਾਰ ਦਾ ਹਜ਼ੂਰ ਸਾਹਿਬ ਐਕਟ 'ਚ ਮਨਮਰਜ਼ੀ ਨਾਲ ਸੋਧ ਕਰਨਾ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਸਿੱਧਾ ਦਖ਼ਲ : ਬੀਬੀ ਰਣਜੀਤ ਕੌਰ

**ਨਵੀਂ ਦਿੱਲੀ**, 8 **ਫਰਵਰੀ (ਮਨਪ੍ਰੀਤ ਸਿੰਘ ਖਾਲਸਾ)**-ਦੇਸ਼ ਅੰਦਰ ਜਾਣਬੁਝ ਕੇ ਸਿੱਖ ਪੰਥ ਨੂੰ ਬੇਗਾਨਿਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਇਸੇ ਕੜੀ ਵਿਚ ਮਹਾਰਾਸ਼ਟਰ ਦੀ ਸ਼ਿੰਦੇ ਸਰਕਾਰ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕੀ ਬੋਰਡ ਐਕਟ 1956 ਨਾਲ ਛੇੜਛਾੜ ਕਰਨ ਅਤੇ ਬੋਰਡ ਵਿਚ ਸਿੱਖ ਸੰਸਥਾਵਾਂ ਦੇ ਨਾਮਜ਼ਦ ਮੈਂਬਰਾਂ ਦੀ ਗਿਣਤੀ ਘਟਾ ਕੇ ਸਰਕਾਰ ਵਲੋਂ ਨਾਮਜ਼ਦ ਕੀਤੇ ਜਾਂਦੇ ਸਰਕਾਰੀ ਮੈਂਬਰਾਂ ਦੀ ਗਿਣਤੀ ਵਧਾਉਣ ਦੀ ਤਜਵੀਜ਼ ਦੀ ਸਖਤ ਵਿਰੋਧਤਾ ਕੀਤੀ ਹੈ। ਮਹਾਰਾਸ਼ਟਰ ਸਰਕਾਰ ਦਾ ਐਕਟ 'ਚ ਮਨਮਰਜ਼ੀ ਨਾਲ ਸੋਧ ਕਰਨਾ ਸਿੱਖਾਂ ਦੇ ਧਾਰਮਿਕ ਮਾਮਲਿਆਂ 'ਚ ਸਿੱਧਾ ਦਖ਼ਲ ਹੈ ਅਤੇ ਇਹ ਤਖਤ ਹਜ਼ੂਰ ਸਾਹਿਬ ਉਪਰ ਕਬਜਾ ਕਰਨ ਦੀ ਸਰਕਾਰੀ ਸਾਜਿਸ਼ ਹੈ ਜਿਸ ਨੂੰ ਸਿਖ ਪੰਥ ਇਸ ਨੂੰ ਬਰਦਾਸ਼ਤ ਨਹੀਂ ਕਰੇਗਾ। ਬੀਬੀ ਰਣਜੀਤ ਕੌਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਇਸਤਰੀ ਵਿੰਗ ਦੇ ਮੁੱਖ ਸੇਵਾਦਾਰ ਨੇ ਮੀਡੀਆ ਨੂੰ ਜਾਰੀ ਆਪਣੇ ਬਿਆਨ ਰਾਹੀਂ ਕਿਹਾ ਕਿ ਸਿੱਖ ਪੰਥ ਦੇ ਮੁਦਿਆਂ ਤੇ ਬਾਰ ਬਾਰ ਹੋ ਰਹੇ ਇਕ ਸਾਜ਼ਿਸ਼ ਤਹਿਤ ਹਮਲਿਆਂ ਨੂੰ ਦੇਖਦਿਆਂ ਸਮੁਚੀਆਂ ਪੰਥਕ ਰਾਜਸੀ ਸੰਸਥਾਵਾਂ ਨੂੰ ਇਕਮੁਠ ਹੋਕੇ ਇਕ ਮੰਚ ਉਪਰ ਇਕਠਾ ਹੋਣਾ ਚਾਹੀਦਾ ਹੈ ਤਾਂ ਜੋ ਅਜਿਹੇ ਸੰਕਟਾਂ ਦਾ ਹਲ ਕੀਤਾ ਜਾ ਸਕੇ।



ਆਵਾਜ਼ਿ ਕੌਮ AWAZE QAUM International Newspaper & WEB TV

ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਸ਼੍ਰੋਮਣੀ ਅਕਾਲੀ ਦਲ ਤੇ ਉਘੀਆਂ ਪੰਥਕ ਸੰਸਥਾਵਾਂ ਤੇ ਬੁਧੀਜੀਵੀਆਂ ਦੀ ਸਾਂਝੀ ਕਮੇਟੀ ਬਣਾਕੇ ਮਹਾਰਸ਼ਟਰ ਸਰਕਾਰ ਨਾਲ ਗਲਬਾਤ ਕਰਕੇ ਮਸਲਾ ਸੁਲਝਾਏ ਜਾਣ ਲਈ ਤੁਰੰਤ ਪਹਿਲਕਦਮੀ ਕਰਨੀ ਚਾਹੀਦੀ ਹੈ । ਇਸ ਸੰਬੰਧੀ ਘਟ ਗਿਣਤੀ ਕਮਿਸ਼ਨ ਨੂੰ ਵੀ ਇਸ ਮਾਮਲੇ ਦੀ ਜਾਣਕਾਰੀ ਅਤੇ ਮਸਲੇ ਦੀ ਗੰਭੀਰਤਾ ਲਈ ਦਸਣ ਵਾਸਤੇ ਇਕ ਵਫਦ ਭੇਜਿਆ ਜਾਣਾ ਚਾਹੀਦਾ ਹੈ ।

ਜਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ ਸਮੇਤ ਕਈ ਸੰਸਥਾਵਾਂ ਨੂੰ ਹਜੂਰ ਸਾਹਿਬ ਪ੍ਰਬੰਧਕੀ ਵਿੱਚੋਂ ਮਨਫੀ ਕੀਤਾ ਜਾ ਰਿਹਾ ਹੈ ਅਤੇ ਇਸ ਬਾਰੇ ਸ਼ਿੰਦੇ ਸਰਕਾਰ ਦੀ ਕੈਬਨਿਟ ਨੇ ਮਤਾ ਪਾਸ ਕਰ ਕੇ ਵਿਧਾਨ ਸਭਾ 'ਚ ਬਿੱਲ ਪੇਸ਼ ਕਰਨ ਦੀ ਤਿਆਰੀ ਕਰ ਲਈ ਹੈ। ਇਸ ਤਹਿਤ ਸਰਕਾਰ ਵੱਲੋਂ ਨਾਮਜ਼ਦ ਮੈਂਬਰਾਂ ਦੀ ਗਿਣਤੀ 7 ਤੋਂ ਵਧਾ ਕੇ 12 ਕੀਤੇ ਜਾਣ ਦੀ ਸ਼ਿਫਾਰਿਸ਼ ਕੀਤੀ ਗਈ ਹੈ।









ਧਾਰਮਿਕ ਸਮਾਗਮ ਵਿੱਚ ਤੇਰੀ ਓਟ : ਬਿਰਧ ਆਸਰਮ ਦੇ ਮੁੱਖੀ ਅਤੇ ਸਿੱਖ ਪੰਥ ਦੇ ਮਹਾਨ ਕਥਾਵਾਚਕ ਗਿਆਨੀ ਭੁਪਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਸਾਹਿਬ ਵਾਲਿਆਂ ਨੂੰ ਸਨਮਾਨਿਤ ਕਰਦੇ ਹੋਏ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁੱਖੀ ਦਸਮੇਸ਼ ਤਰਨਾ ਦਲ ਅਤੇ ਸੰਤ ਬਾਬਾ ਬੁੱਧ ਸਿੰਘ ਜੀ ਨਿੱਕੇ ਘੁੰਮਣਾ ਵਾਲੇ। (ਫੋਟੋ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)


ਆਵਾਜ਼ਿ ਕੌਮ AWAZE QAUM International Newspaper & WEB TV

### ਸਿੰਘ ਸਾਹਿਬ ਭਾਈ ਕਾਉਂਕੇ ਮਾਮਲੇ 'ਤੇ ਇਨਸਾਫ਼ ਵਾਸਤੇ


# ਜਲੰਧਰ ਵਿੱਚ ਬੁਲਾਇਆ ਇਕੱਠ ਹੁਣ ਜਲੰਧਰ-ਨਕੋਦਰ ਰੋਡ ਰੌਇਲ ਰਿਜ਼ੋਰਟ (ਤਾਜਪੁਰ) ਵਿਖੇ ਹੋਵੇਗਾ : ਤਾਲਮੇਲ ਕਮੇਟੀ

ਆਵਾਜ਼ਿ ਕੌਮ AWAZE QAUM International Newspaper & WEB TV

ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਕਾਰਜ਼ਕਾਰੀ ਜਥੇਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਕਤਲ ਸਬੰਧੀ ਇਨਸਾਫ਼ ਲੈਣ ਲਈ ਆਰੰਭੀ ਗਈ ਮੁਹਿੰਮ ਤਹਿਤ 10 ਫਰਵਰੀ ਨੂੰ ਜਲੰਧਰ ਵਿਖੇ ਨੁਮਾਇੰਦਾ ਇਕੱਠ ਰੱਖਿਆ ਗਿਆ ਹੈ। ਇਸ ਇਕੱਠ ਵਿਚ ਵਕੀਲ, ਕਿਸਾਨ ਜਥੇਬੰਦੀਆਂ, ਫੈਡਰੇਸ਼ਨਾਂ, ਸੰਤ ਮਹਾਂਪੁਰਸ਼, ਨਿਹੰਗ ਸਿੰਘ ਜਥੇਬੰਦੀਆਂ, ਵੱਖ-ਵੱਖ ਸੰਪਰਦਾਵਾਂ, ਦਿੱਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਾਹਿਬਾਨ, ਸਿਆਸੀ ਜਥੇਬੰਦੀਆਂ, ਵਪਾਰ ਮੰਡਲ ਦੇ ਆਗੂ ਅਤੇ ਹੋਰ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਸ਼ਾਮਿਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ ਹੈ। ਇਸ ਇਕੱਠ ਦੇ ਆਯੋਜਨ ਲਈ ਬਣੀ ਤਾਲਮੇਲ ਕਮੇਟੀ ਨੇ ਕਿਹਾ ਹੈ ਕਿ 1 ਜਨਵਰੀ 1993 ਨੂੰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਜੀ ਨੂੰ ਘੋਰ ਤਸ਼ੱਦਦ ਕਰਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ ਇਸ ਦੀ ਤਫ਼ਤੀਸ਼ ਸਬੰਧੀ ਬੀ.ਪੀ. ਤਿਵਾੜੀ ਨਿਯੁੱਕਤ ਹੋਇਆ ਸੀ। ਇਸ ਕਮਿਸ਼ਨ ਦੀ ਰਿਪੋਰਟ ਨੂੰ ਹੁਣ ਤੱਕ ਦੀਆਂ ਸਰਕਾਰਾਂ ਨੇ ਦਬਾਈ ਰੱਖਿਆ ਹੈ। ਮਨੁੱਖੀ



ਅਧਿਕਾਰ ਨੁਮਾਇੰਦਿਆਂ ਨੇ ਭਾਰੀ ਮੇਹਨਤ ਕਰਕੇ ਇਸ ਰਿਪੋਰਟ ਨੂੰ ਕੇਵਲ ਜਨਤਕ ਹੀ ਨਹੀਂ ਕੀਤਾ ਬਲਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵੀ ਇਹ ਰਿਪੋਰਟ ਸੌਂਪੀ। ਸਿੰਘ ਸਾਹਿਬ ਭਾਈ ਕਾਉਂਕੇ ਦੇ ਕਾਤਲਾਂ ਨੂੰ ਸਜਾਵਾਂ ਦਵਾਉਣ ਲਈ 10 ਫਰਵਰੀ ਨੂੰ ਜਲੰਧਰ ਵਿੱਖੇ ਹੋਣ ਵਾਲੇ ਇਕੱਠ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਸੰਗਤਾਂ ਦੇ ਇਸ ਉਤਸ਼ਾਹ ਨੂੰ ਦੇਖਦਿਆਂ ਤਾਲਮੇਲ ਕਮੇਟੀ ਨੂੰ ਇਸ ਇਕੱਠ ਦਾ ਸਥਾਨ ਬਦਲਣਾ ਪਿਆ ਹੈ। ਪਹਿਲਾਂ ਇਹ ਇਕੱਠ ਗੁਰਦੁਆਰਾ ਪਾਤਸ਼ਾਹੀ ਨੌਵੀਂ, ਗੁਰੂ ਤੇਗ ਬਹਾਦਰ ਨਗਰ ਵਿਖੇ ਰੱਖਿਆ ਗਿਆ ਸੀ ਪਰ ਹੁਣ ਉਥੇ ਟਰੈਫਿਕ ਦੀ ਭਾਰੀ ਸੱਮਸਿਆਂ ਨੂੰ ਸਾਹਮਣੇ ਰਖਦਿਆਂ ਇਹ ਇਕੱਠ ਹੁਣ ਜਲੰਧਰ-ਨਕੋਦਰ ਰੋਡ 'ਤੇ ਪਿੰਡ ਤਾਜਪੁਰ ਨੇੜੇ ਰੌਇਲ ਰਿਟਰੀਟ ਰਿਜ਼ੋਰਟ (ਨੇੜੇ ਵੰਡਰਲੈਂਡ) ਵਿਖੇ ਕੀਤਾ ਜਾ ਰਿਹਾ ਹੈ। ਆਉਣ ਵਾਲੀਆਂ ਸੰਗਤਾਂ ਲਈ ਇਸ ਸਥਾਨ ਦੀ ਲੋਕੇਸ਼ਨ ਵੀ ਜਾਰੀ ਕੀਤੀ ਗਈ ਹੈ ਤਾਂ ਕਿ ਸਾਰੀਆਂ ਸੰਗਤਾਂ ਆਰਾਮ ਨਾਲ ਮਿੱਥੇ ਸਥਾਨ 'ਤੇ ਸਮੇਂ ਸਿਰ ਪਹੁੰਚ ਸਕਣ। ਇਸ ਇਕੱਠ ਵਿੱਚ ਖੁੱਲ੍ਹੀਆਂ ਵਿਚਾਰਾਂ ਹੋਣਗੀਆਂ ਅਤੇ ਤਿਵਾੜੀ ਰਿਪੋਰਟ ਅਨੁਸਾਰ ਦੋਸ਼ੀ ਠਹਿਰਾਏ ਗੁਰਮੀਤ ਸਿੰਘ ਇੰਸਪੈਕਟਰ ਖਿਲਾਫ ਕੇਸ ਦਰਜ ਕਰਨ ਸਮੇਤ ਹੋਰ ਸਾਰੇ ਦੋਸ਼ੀਆਂ ਦੀ ਸੱਚਾਈ ਸਾਹਮਣੇ ਲਿਆਉਣ ਲਈ ਲਾਮਬੰਦੀ ਕੀਤੀ ਜਾਵੇਗੀ। ਇਕੱਠ ਵਿੱਚ ਸੰਗਤਾਂ ਵੱਲੋਂ ਅਕਾਲੀ ਸਰਕਾਰ ਸਮੇਂ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਦਿੱਤੇ ਗਏ ਫਖ਼ਰ-ਏ-ਕੌਮ ਅਤੇ ਪੰਥ ਰਤਨ ਐਵਾਰਡ ਵਾਪਸ ਲੈਣ ਦੀ ਵੀ ਮੰਗ ਕੀਤੀ ਜਾਵੇਗੀ ਅਤੇ ਇਨ੍ਹਾਂ ਐਵਾਰਡਾਂ ਦੇ ਅਸਲੀ ਹੱਕਦਾਰ ਸਿੰਘ ਸਾਹਿਬ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਇਹ ਐਵਾਰਡ ਦੇਣ ਲਈ ਮੰਗ ਵੀ ਕੀਤੀ ਜਾਵੇਗੀ।




ਆਵਾਜ਼ਿ ਕੌਮ AWAZE QAUM International Newspaper & WEB TV

**The Royal Retreat Resort**

Village Tajpur, Nakoder Road, Near Wonder Land Jalandhar City, Punjab 144003

ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਬੰਨ੍ਹ ਸ਼ਸ਼ਤਰੀ ਜੋੜ ਵਿਛੋੜ ਸੁਟੇ
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁਟੇ।

ਦੇਗ ਤੇਗ ਫਤਿਹ — ਪੰਥ ਕੀ ਜੀਤ

ਸ਼ਾਹ ਮੁਹੰਮਦਾ ਇਕ ਸਰਕਾਰ ਬਾਜੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ, ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ।

ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕ੍ਰਿਪਾ ਸਦਕਾ

# ਅਮਰ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਦਾ ਸਲਾਨਾ

# ਸ਼ਹੀਦੀ ਜੋੜ ਮੇਲਾ



ਗੁਰਦੁਆਰਾ ਸ਼ਹੀਦ ਸਰਦਾਰ ਸ਼ਾਮ ਸਿੰਘ ਅਟਾਰੀ, ਪਿੰਡ ਫਤਿਹਗੜ੍ਹ ਸਭਰਾ, ਤਹਿ: ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ
ਮਿਤੀ 1 ਫਰਵਰੀ ਤੋਂ 10 ਫਰਵਰੀ 2024 (ਮੁਤਾਬਿਕ 19 ਮਾਘ ਤੋਂ 28 ਮਾਘ) ਦਿਨ ਵੀਰਵਾਰ ਤੋਂ ਸ਼ਨੀਵਾਰ ਤੱਕ

ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਤਾਰਾ ਸਿੰਘ ਜੀ ਦੇ ਚਰਨ ਸੇਵਕ ਸੰਤ ਬਾਬਾ ਘੋਲਾ ਸਿੰਘ ਜੀ ਕਾਰ ਸੇਵਾ ਸਰਹਾਲੀ ਸਾਹਿਬ ਵਾਲੇ ਮੁੱਖ ਸੇਵਾਦਾਰ ਬਾਬਾ ਸ਼ਿੰਦਰ ਸਿੰਘ ਜੀ ਸਭਰਾਵਾਂ ਵਾਲੇ

## ਅਤੇ ਸਮੂਹ ਨਗਰ ਨਿਵਾਸੀ ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ

ਬਹੁਤ ਪਿਆਰ-ਸਤਿਕਾਰ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤਾਂ ਨੂੰ ਬੇਨਤੀ ਹੈ ਕਿ ਦਿੱਤੇ ਸਮੇਂ ਮੁਤਾਬਿਕ ਦੀਵਾਨਾਂ ਦੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਇਲਾਕਾ ਨਿਵਾਸੀ ਸਾਧ ਸੰਗਤ ਜੀਓ

ਸਰਦਾਰ ਸ਼ਾਮ ਸਿੰਘ ਅਟਾਰੀ ਵਾਲਿਆਂ ਨੂੰ ਲਾਹੌਰ ਦਰਬਾਰ ( ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰ) ਵਿੱਚ ਵਿਸ਼ੇਸ਼ ਮਾਣ ਪ੍ਰਾਪਤ ਸੀ। ਮਹਾਰਾਜਾ ਸਾਹਿਬ ਨਾਲ ਬਹੁਤ ਨੇੜੇ ਸਬੰਧ ਹੋਣ ਕਰਕੇ 1837 ਈ: ਵਿੱਚ ਉਹਨਾਂ ਦੀ ਬੇਟੀ ਬੀਬੀ ਨਾਨਕੀ ਜੀ ਦਾ ਆਨੰਦ ਕਾਰਜ ਮਹਾਰਾਜਾ ਰਣਜੀਤ ਸਿੰਘ ਜੀ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਹੋਇਆ ਸੀ। ਸ: ਸ਼ਾਮ ਸਿੰਘ ਅਟਾਰੀ ਜੀ ਲਾਹੌਰ ਦਰਬਾਰ ਦੇ ਕਮਾਂਡਰ ਸਨ।1838 ਈ: ਨੂੰ ਫਿਰੋਜ਼ਸ਼ਾਹ ਨੂੰ ਬਰਤਾਨਵੀ ਛਾਉਣੀ ਵਿੱਚ ਬਦਲ ਦਿੱਤਾ ਗਿਆ ਸੀ।ਅੰਗਰੇਜ ਸਰਕਾਰ ਪੰਜਾਬ ਤੇ ਪੂਰੀ ਤਰ੍ਹਾਂ ਹਮਲੇ ਲਈ ਤਿਆਰ ਸੀ। ਅੱਧੀ ਫੌਜ ਨੂੰ ਮੁੱਦਕੀ ਅਤੇ ਅੱਧੀ ਫੌਜ ਨੂੰ ਫਿਰੋਜ਼ਸ਼ਾਹ ਵਿਖੇ ਤਾਇਨਾਤ ਕਰ ਦਿੱਤਾ ।21,22 ਦਸੰਬਰ 1845 ਈ: ਨੂੰ ਫਿਰੋਜ਼ਸ਼ਾਹ ਵਿਖੇ ਸਿੱਖਾਂ ਅਤੇ ਅੰਗਰੇਜਾਂ ਦੀ ਗਹਿਗੱਚ ਲੜਾਈ ਹੋਈ,ਇੱਥੇ ਤੇਜਾ ਸਿੰਘ ਅਤੇ ਲਾਲ ਸਿੰਘ ਨੇ ਆਪਣੀ ਨੀਚਤਾ ਅਤੇ ਗਦਾਰੀ ਦਾ ਨੰਗਾ ਚਿੱਟਾ ਰੂਪ ਵਿਖਾਇਆ।ਇਹਨਾਂ ਤੋਂ ਵੱਧ ਕੇ ਗੁਲਾਬ ਸਿੰਘ ਨੇ ਗਦਾਰੀ ਕਰਦਿਆਂ ਸਿੱਖ ਫੌਜ ਦੀ ਪਿੱਠ ਵਿੱਚ ਛੁਰਾ ਮਾਰਿਆ।10 ਫਰਵਰੀ 1846 ਨੂੰ ਸਭਰਾਵਾਂ ਵਿਖੇ ਸਿੱਖਾਂ ਅਤੇ ਅੰਗਰੇਜਾਂ ਦੀ ਜੰਗ ਹੋਈ।ਸਰਦਾਰ ਸ਼ਾਮ ਸਿੰਘ ਅਟਾਰੀ ਜੀ ਫੌਜਾਂ ਨੂੰ ਹੱਲਾ ਸ਼ੇਰੀ ਦਿੰਦਿਆਂ ਹੋਇਆਂ ਆਪ ਮੈਦਾਨ ਵਿੱਚ ਕੁੱਦ ਪਏ ਅਤੇ ਦੁਸ਼ਮਣਾਂ ਦੇ ਆਹੂ ਲਾਹੁੰਦਿਆਂ ਹੋਇਆਂ, ਜੰਗ-ਏ-ਮੈਦਾਨ ਵਿੱਚ ਸ਼ਹੀਦ ਹੋਏ।ਜੰਗ ਵਾਲੀ ਜਗ੍ਹਾ ਤੇ ਉਹ ਅਸਥਾਨ ਅੱਜ ਵੀ ਫਤਿਹਗੜ੍ਹ ਸਭਰਾ ਵਿਖੇ ਮੌਜੂਦ ਹੈ ਜਿੱਥੇ ਆਪ-ਮੁਹਾਰੇ ਮੂੰਹੋਂ ਨਿਕਲਦਾ ਹੈ 'ਸਿੱਖ ਰਾਜ ਦਾ ਅਮਰ ਸ਼ਹੀਦ ਧੰਨ ਹੈ, ਸਰਦਾਰ ਸ਼ਾਮ ਸਿੰਘ ਅਟਾਰੀ। ਸੋ ਸਾਧ ਸੰਗਤ ਜੀ ਐਸੇ ਸੂਰਬੀਰ ਅਤੇ ਮਹਾਂਬਲੀ ਯੋਧੇ ਅਤੇ 10 ਫਰਵਰੀ 1846ਈ: ਦੇ ਸਮੂਹ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ ਇਲਾਕਾ ਨਿਵਾਸੀਆਂ ਨੂੰ ਵੱਧ-ਚੜ੍ਹ ਕੇ ਮਨਾਉਣੇ ਚਾਹੀਦੇ ਹਨ।ਸੋ ਆਓ! ਆਪਾਂ ਸਾਰੇ ਰਲ-ਮਿਲ ਕੇ ਸ਼ਹੀਦਾਂ ਦੇ ਦਿਹਾੜੇ ਮਨਾਂ ਕੇ ਸ਼ਰਧਾ ਦੇ ਫੁੱਲ ਭੇਟ ਕਰੀਏ।

### ਪ੍ਰੋਗਰਾਮ

8 ਫਰਵਰੀ 2024 ਮੁਤਾਬਿਕ 26 ਮਾਘ ਵੀਰਵਾਰ
ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ — ਸਵੇਰੇ 11-00 ਵਜੇ

10 ਫਰਵਰੀ 2024 ਮੁਤਾਬਿਕ 28 ਮਾਘ ਸ਼ਨੀਵਾਰ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ — ਸਵੇਰੇ 10-00 ਵਜੇ

ਅਨਮੋਲ ਦਾਤ/ਖੰਡੇ ਬਾਟੇ ਦੀ ਪਾਹੁਲ
11 ਫਰਵਰੀ 2024 ਮੁਤਾਬਿਕ 29 ਮਾਘ ਐਤਵਾਰ
ਅੰਮ੍ਰਿਤ ਸੰਚਾਰ — 11-00 ਵਜੇ ਸਵੇਰੇ



ਨੋਟ:- ਅੰਮ੍ਰਿਤ ਛਕਣ ਵਾਲੇ ਸਿੰਘ-ਸਿੰਘਣੀਆਂ ਤਿਆਰ ਬਰ ਤਿਆਰ ਹੋ ਕੇ ਆਉਣ।
ਸੰਪਰਕ:- 84012-00013

### ਸਕੂਲੀ ਬੱਚਿਆਂ ਦੇ ਗੁਰਮਤਿ ਮੁਕਾਬਲੇ

5 ਫਰਵਰੀ 2024 (ਮੁਤਾਬਿਕ 23 ਮਾਘ ਸੋਮਵਾਰ)

- ਗੁਰਬਾਣੀ ਕੰਠ ਮੁਕਾਬਲੇ
- ਸ਼ਬਦ ਗਾਇਨ ਮੁਕਾਬਲੇ
- ਢਾਡੀ ਵਾਰਾਂ ਮੁਕਾਬਲੇ
- ਦਸਤਾਰ ਮੁਕਾਬਲੇ
- ਕਵੀਸ਼ਰੀ ਮੁਕਾਬਲੇ
- ਕਵਿਤਾ ਮੁਕਾਬਲੇ

ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।

ਨੋਟ:- ਐਂਟਰੀ ਲਿਸਟਾਂ ਪ੍ਰਿੰਸੀਪਲ ਸ਼ਹੀਦ ਸ਼ਾਮ ਸਿੰਘ ਅਟਾਰੀ ਖਾਲਸਾ ਸਕੂਲ ਫਤਿਹਗੜ੍ਹ ਸਭਰਾਂ ਦਫ਼ਤਰ ਵਿਖੇ 2 ਫਰਵਰੀ ਤੱਕ ਜਮ੍ਹਾਂ ਕਰਵਾਈਆ ਜਾਣ ਜਾਣਕਾਰੀ ਲਈ ਮੋਬਾ:- 95014-10075, 98150-85438

### ਵਿਸ਼ੇਸ਼ ਨੋਟ:

ਸਟੇਜ ਸਕੱਤਰ ਦੀ ਆਗਿਆ ਤੋਂ ਬਿਨਾਂ ਕੋਈ ਵੀ ਸੱਜਣ ਬੋਲਣ ਦੀ ਖੇਚਲ ਨਾ ਕਰੇ।
ਕੇਵਲ ਸੱਦੇ ਹੋਏ ਜੱਥਿਆਂ ਨੂੰ ਹੀ ਟਾਈਮ ਦਿੱਤਾ ਜਾਵੇਗਾ।

### ਮਿਤੀ 1 ਫਰਵਰੀ ਤੋਂ 10 ਫਰਵਰੀ 2024 ਤੱਕ ਰੋਜ਼ਾਨਾ ਸ਼ਾਮ 7 ਵਜੇ ਤੋਂ ਰਾਤ 12 ਵਜੇ ਤੱਕ ਪੁੱਜ ਰਹੇ ਸੰਤ ਮਹਾਂਪੁਰਸ਼, ਰਾਗੀ ਸਿੰਘ, ਢਾਡੀ ਸਿੰਘ ਅਤੇ ਕਵੀਸ਼ਰੀ ਸਿੰਘ

| | | | |
|---|---|---|---|
| 1 ਫਰਵਰੀ ਦਿਨ ਵੀਰਵਾਰ | ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪਰਵਾਨਾ (ਕਥਾਵਾਚਕ) | ਭਾਈ ਗੁਰਪ੍ਰਤਾਪ ਸਿੰਘ ਪਦਮ (ਢਾਡੀ ਜੱਥਾ) | ਭਾਈ ਹਰਮਨਪ੍ਰੀਤ ਸਿੰਘ ਜੀ ਸਭਰਾ (ਢਾਡੀ ਜੱਥਾ) |
| 2 ਫਰਵਰੀ ਦਿਨ ਸ਼ੁੱਕਰਵਾਰ | ਗਿਆਨੀ ਸਰਬਜੀਤ ਸਿੰਘ ਜੀ ਲੁਧਿਆਣੇ ਵਾਲੇ (ਕਥਾਵਾਚਕ) | ਭਾਈ ਸੁਲੱਖਣ ਸਿੰਘ ਜੀ ਰਿਆੜ (ਕਵੀਸ਼ਰ ਜਥਾ) | ਭਾਈ ਸੁਰਿੰਦਰਬੀਰ ਸਿੰਘ ਜੀ ਦਿੱਲੀ (ਕਥਾਵਾਚਕ) ਭਾਈ ਅਵਤਾਰ ਸਿੰਘ ਜੀ ਸਭਰਾ (ਰਾਗੀ ਜੱਥਾ) |
| 3 ਫਰਵਰੀ ਦਿਨ ਸ਼ਨੀਵਾਰ | ਭਾਈ ਪਰਮਜੀਤ ਸਿੰਘ ਜੀ ਖਾਲਸਾ (ਕਥਾਵਾਚਕ) | ਭਾਈ ਸਤਨਾਮ ਸਿੰਘ ਜੀ ਲਾਲੂ ਘੁੰਮਣ (ਢਾਡੀ ਜੱਥਾ) | ਭਾਈ ਜਗਨਦੀਪ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਹਰਦੀਪ ਸਿੰਘ ਜੀ ਸਭਰਾ (ਢਾਡੀ ਜੱਥਾ) |
| 4 ਫਰਵਰੀ ਦਿਨ ਐਤਵਾਰ | ਗਿਆਨੀ ਸਾਹਿਬ ਸਿੰਘ ਜੀ ਮਾਰਕੰਡਾ (ਕਥਾਵਾਚਕ) | ਭਾਈ ਭਗਵੰਤ ਸਿੰਘ ਜੀ ਸੂਰਵਿੰਡ ਭਾਈ ਗੁਰਿੰਦਰ ਸਿੰਘ ਬੈਂਕਾ (ਕਵੀਸ਼ਰੀ ਜੱਥਾ) | ਭਾਈ ਮਨਮੋਹਨ ਸਿੰਘ ਜੀ ਅੰਮ੍ਰਿਤਸਰ ਸਾਹਿਬ (ਰਾਗੀ ਜਥਾ) ਭਾਈ ਮੇਜਾ ਸਿੰਘ ਜੀ ਸਭਰਾ (ਕਵੀਸ਼ਰ ਜਥਾ) |
| 5 ਫਰਵਰੀ ਦਿਨ ਸੋਮਵਾਰ | ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ (ਕਥਾਵਾਚਕ) | ਭਾਈ ਸੁੱਖਪ੍ਰੀਤ ਸਿੰਘ ਜੀ ਸਭਰਾ (ਢਾਡੀ ਜੱਥਾ) | ਭਾਈ ਹਰਪ੍ਰੀਤ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਨਿਰਮਲ ਸਿੰਘ ਜੀ ਸਭਰਾ (ਰਾਗੀ ਜੱਥਾ) |
| 6 ਫਰਵਰੀ ਦਿਨ ਮੰਗਲਵਾਰ | ਭਾਈ ਮੁਖਤਾਰ ਸਿੰਘ ਜੀ ਇੰਗਲੈਂਡ (ਕਥਾਵਾਚਕ) | ਭਾਈ ਨਿਰਮਲ ਸਿੰਘ ਜੀ ਨੂਰ (ਢਾਡੀ ਜੱਥਾ) ਭਾਈ ਬਲਜੀਤ ਸਿੰਘ ਸਭਰਾ (ਕਥਾਵਾਚਕ) | ਭਾਈ ਮੱਖਣ ਸਿੰਘ ਜੀ ਸਭਰਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ |
| 7 ਫਰਵਰੀ ਦਿਨ ਬੁੱਧਵਾਰ | ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲੇ (ਕਥਾਵਾਚਕ) | ਭਾਈ ਗੁਰਜੰਟ ਸਿੰਘ ਜੀ ਬੈਂਕਾ (ਕਵੀਸ਼ਰੀ ਜੱਥਾ) | ਭਾਈ ਗੁਰਜੀਤ ਸਿੰਘ ਜੀ ਸਭਰਾ (ਢਾਡੀ ਜੱਥਾ) |
| 8 ਫਰਵਰੀ ਦਿਨ ਵੀਰਵਾਰ | ਸਿੰਘ ਸਾਹਿਬ ਸੰਤ ਗਿਆਨੀ ਰਾਮ ਸਿੰਘ ਜੀ ਦਮਦਮੀ ਟਕਸਾਲ (ਕਥਾਵਾਚਕ) | ਭਾਈ ਮਿਲਖਾ ਸਿੰਘ ਜੀ ਮੌਜੀ (ਢਾਡੀ ਜੱਥਾ) | ਭਾਈ ਆਤਮਾ ਸਿੰਘ ਜੀ ਸਭਰਾ (ਕਥਾਵਾਚਕ) |
| 9 ਫਰਵਰੀ ਦਿਨ ਸ਼ੁੱਕਰਵਾਰ | ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ (ਕਥਾਵਾਚਕ) | ਭਾਈ ਲਖਵਿੰਦਰ ਸਿੰਘ ਜੀ ਸੋਹਲ (ਢਾਡੀ ਜੱਥਾ) | ਭਾਈ ਕਰਨਜੀਤ ਸਿੰਘ ਜੀ ਸਭਰਾ (ਕਥਾਵਾਚਕ) ਭਾਈ ਸੁਖਵਿੰਦਰ ਸਿੰਘ ਜੀ ਸਭਰਾ (ਢਾਡੀ ਜੱਥਾ) |
| 10 ਫਰਵਰੀ ਦਿਨ ਸ਼ਨੀਵਾਰ | ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਹੈਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ | ਸੰਤ ਗਿਆਨੀ ਹਰਨਾਮ ਸਿੰਘ ਜੀ ਮੁਖੀ ਦਮਦਮੀ ਟਕਸਾਲ ਭਾਈ ਅਮਰਜੀਤ ਸਿੰਘ ਸਭਰਾ (ਕਵੀਸ਼ਰ ਜਥਾ) | ਗੁਰਮਤਿ ਵਿਦਿਆਲੇ ਅਤੇ ਕਾਲਜ ਦੇ ਵਿਦਿਆਰਥੀ |

ਉਪਰੋਕਤ ਦੀਵਾਨਾਂ ਵਿੱਚ ਬਾਬਾ ਸ਼ਿੰਦਰ ਸਿੰਘ ਜੀ ਰੋਜ਼ਾਨਾ ਹਾਜ਼ਰੀ ਭਰਨਗੇ।

### ਜੋੜ ਮੇਲੇ ਦੌਰਾਨ ਸੇਵਾ ਦਾ ਵੇਰਵਾ

ਜੋੜ ਮੇਲੇ ਦੌਰਾਨ ਜੋੜਾ ਸੰਭਾਲ ਅਤੇ ਸਫਾਈ ਦੀ ਸੇਵਾ:
ਪਿੰਡ ਮੋਜੂਵਾਲੀਏ ਵਾਲਾ ਅਤੇ ਮੋਜੂਵਾਲੀਏ ਦੀਆਂ ਬਸਤੀਆਂ ਦੀ ਸੰਗਤ ਕਰੇਗੀ।

ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦੇ ਬਣਾਉਣ ਅਤੇ ਵਰਤਾਉਣ ਦੀ ਸੇਵਾ:
ਪਿੰਡ ਫਤਿਹਗੜ੍ਹ ਸਭਰਾਂ, ਅਰਾਜੀ ਸਭਰਾਂ, ਬਸਤੀ ਗਰੀਬ ਸਿੰਘ, ਜੱਲੋ ਵਾਲਾ, ਬੰਡਾਲਾ, ਰੱਤੋਕੇ, ਬੂਟੇ ਵਾਲਾ ਅਤੇ ਜੱਟਾਂ ਵਾਲੀ ਦੀ ਸੰਗਤ ਕਰੇਗੀ

ਲੰਗਰ ਚ ਚਾਹ ਬਦਾਨਾ ਬਣਾਉਣ ਅਤੇ ਵਰਤਾਉਣ ਦੀ ਸੇਵਾ:
ਪਿੰਡ ਰੋਡੇ ਵਾਲਾ, ਮਾਛੀਕੇ ਅਤੇ ਆਸ਼ੀਕੇ ਦੀ ਸੰਗਤ ਕਰੇਗੀ।

ਲੰਗਰ ਚ ਪਕੌੜੇ ਬਣਾਉਣ ਅਤੇ ਵਰਤਾਉਣ ਦੀ ਸੇਵਾ:
ਪਿੰਡ ਗੱਟਾ ਬਾਦਸ਼ਾਹ ਅਤੇ ਦੀਨੇਕੇਦੀ ਸੰਗਤ ਕਰੇਗੀ।

ਸੰਗਤਾਂ ਦੇ ਵਿਸ਼ਰਾਮ ਵਾਸਤੇ ਬਿਸਤਰੇ ਦੇਣ ਸੇਵਾ:
ਪਿੰਡ ਆਲੇਵਾਲਾ ਅਤੇ ਫੱਤੇਵਾਲਾ ਦੀ ਸੰਗਤ ਕਰੇਗੀ।

ਜੋੜ ਮੇਲੇ ਦੌਰਾਨ ਜੋੜੇ ਜਮਾਂ ਕਰਨ ਦੀ ਸੇਵਾ:
ਸ਼ਹੀਦ ਸ੍ਰ. ਸ਼ਾਮ ਸਿੰਘ ਅਟਾਰੀ ਖਾਲਸਾ ਸੀ.ਸੈ. ਸਕੂਲ ਫਤਿਹਗੜ੍ਹ ਸਭਰਾਂ ਸ਼ਹੀਦ ਸ੍ਰ. ਸ਼ਾਮ ਸਿੰਘ ਅਟਾਰੀ ਸਕੂਲ ਫੱਤੇ ਵਾਲਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਕੈਡਮੀ ਪਿੰਡ ਵੱਟੂ ਭੱਟੀ ਦੇ ਸਮੂਹ ਸਟਾਫ ਤੇ ਵਿਦਿਆਰਥੀ ਕਰਨਗੇ।

ਆਏ ਹੋਏ ਮਹਾਂਪੁਰਸ਼ਾਂ ਨੂੰ ਲੰਗਰ ਛਕਾਉਣ ਦੀ ਸੇਵਾ:
ਪਿੰਡ ਪੱਧਰੀ ਅਤੇ ਵੱਟੂ ਭੱਟੀ ਦੀ ਸੰਗਤ ਕਰੇਗੀ।

ਸਟੈਂਡ ਤੇ ਸੇਵਾ:
ਪਿੰਡ ਕਿੱਲੀ ਬੋਦਲਾ, ਨਿਹਾਲਕੇ, ਅੱਲਖ, ਕਾਮਲ ਵਾਲਾ, ਬਸਤੀ ਸਾਉਣ ਸਿੰਘ ਅਤੇ ਬਾਹਰ ਵਾਲੀ ਦੀ ਸੰਗਤ ਕਰੇਗੀ।

ਗੁਰਦੁਆਰਾ ਸਾਹਿਬ ਤੋਂ ਰੋਜ਼ਾਨਾ ਸਵੇਰੇ ਸ਼ਾਮ ਅਤੇ ਸ਼ਹੀਦੀ ਸਮਾਗਮ ਨੂੰ ਲਾਈਵ ਦੇਖਣ ਲਈ ਸੰਪਰਕ ਕਰੋ

SIKH ਸਮਾਗਮ ਟੀ.ਵੀ. | ASANKH TV | CHARDIKLA TIME TV | LIVE



ਸ਼ਹੀਦ ਜਰਨੈਲ ਸ: ਸ਼ਾਮ ਸਿੰਘ ਅਟਾਰੀ ਗੁਰਮਤਿ ਕਾਲਜ ਫਤਿਹਗੜ੍ਹ ਸਭਰਾ।
3 ਸਾਲਾ ਮੁਫਤ ਬੀ.ਏ. (ਧਰਮ ਅਧਿਐਨ) ਅਤੇ ਗੁਰਮਤਿ ਡਿਪਲੋਮਾ
M. 94641-11144, 94787-15840



ਗੁਰੂ ਪੰਥ ਦੇ ਦਾਸ — ਮੁੱਖ ਸੇਵਾਦਾਰ ਜਥੇਦਾਰ ਬਾਬਾ ਸ਼ਿੰਦਰ ਸਿੰਘ ਜੀ

## ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣਾ ਘਰ ਬਣਾਉਣ ਸਮੇਂ ਨੀਂਹ ਰੱਖਣ ਦੇ ਦਿਨ

# ਗੁਰਮਤਿ ਸਮਾਗਮ ਕਰਵਾਕੇ ਗੁਰੂ ਸਾਹਿਬ ਜੀ ਪਾਸੋਂ ਆਗਿਆ ਦੀ ਅਰਜੋਈ ਅਰਦਾਸ














**ਅੰਮ੍ਰਿਤਸਰ, 8 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮਾਨਯੋਗ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜਿੰਨਾਂ ਤੇ ਧੰਨ ਧੰਨ ਗੁਰੂ ਰਾਮਦਾਸ ਸਾਹਿਬ ਜੀ ਧੰਨ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਰਪਾ ਕਰਕੇ ਆਪਣਾ ਘਰ ਬਣਾਉਣ ਸਮੇਂ ਨੀਂਹ ਰੱਖਣ ਦੇ ਦਿਨ ਗੁਰਮਤਿ ਸਮਾਗਮ ਕਰਵਾਕੇ ਗੁਰੂ ਸਾਹਿਬ ਜੀ ਪਾਸੋਂ ਆਗਿਆ ਦੀ ਅਰਜੋਈ ਅਰਦਾਸ ਕੀਤੀ ਉੱਹਥੇ ਇਹ ਸਮਾਗਮ ਮਹਾਂਨ ਹੋ ਗੁਜ਼ਰਿਆ ਜਿਸ ਵਿੱਚ ਗੁਰਬਾਣੀ ਜਾਪ ਉਪਰੰਤ ਭਾਈ ਬਲਦੇਵ ਸਿੰਘ ਜੀ ਕੀਰਤਨੀਏ ਦਮਦਮੀ ਟਕਸਾਲ ਮਹਿਤਾ ਚੌਂਕ ਨੇ ਕੀਰਤਨ ਦੁਆਰਾ ਨਿਹਾਲ ਕੀਤਾ ਉੱਹਥੇ ਅਤੀ ਸਨਮਾਂਨਯੋਗ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਹੈੱਡ ਗ੍ਰੰਥੀ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਕੀਤੀਆਂ ਭਾਈ ਰਾਜਬੀਰ ਸਿੰਘ ਖਡੂਰ ਸਾਹਿਬ ਜੀ ਦੇ ਜੱਥੇ ਨੇ ਮਨੋਹਰ ਕੀਰਤਨ ਕੀਤਾ ਬਾਬਾ ਅਮਰੀਕ ਸਿੰਘ ਖੁਖਰੈਣ ਕਪੂਰਥਲਾ ਵਾਲਿਆਂ ਵੀ ਹਾਜ਼ਰੀ ਭਰੀ ਗਿਆਨੀ ਵਰਿਆਮ ਸਿੰਘ ਕਥਾਵਚਕ ਨੇ ਕਥਾ ਰਾਂਹੀ ਛਹਿਬਰ ਲਾਕੇ ਸੰਗਤ ਨੂੰ ਨਿਹਾਲ ਕੀਤਾ ਮਾਨਯੋਗ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਗ੍ਰੰਥੀ ਸਚਖੰਡਿ ਸ੍ਰੀ ਹਰਿਮੰਦਰ ਸਾਹਿਬ ਜੀ ਮਾਨਯੋਗ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਗ੍ਰੰਥੀ ਸਚਖੰਡਿ ਸ੍ਰੀ ਹਰਮੰਦਿਰ ਸਾਹਿਬ ਜੀ ਨੇ ਹਾਜ਼ਰੀ ਭਰਨ ਉਪਰੰਤ ਨੀਂਹ ਰੱਖਣ ਦੀ ਅਰਦਾਸ ਕੀਤੀ ਮਾਤਾ ਵਿੱਪਨਪ੍ਰੀਤ ਕੌਰ ਜੀ ਲੁਧਿਆਣੇ ਵਾਲਿਆਂ ਵਿਸ਼ੇਸ਼ ਸ਼ਮੂਲੀਅਤ ਕੀਤੀ ਬਾਬਾ ਨਿਰਮਲ ਸਿੰਘ ਜੀ (ਅੰਸ਼ ਬੰਸ਼ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ) ਵੀ ਸੰਗਤ ਸਮੇਤ ਹਾਜ਼ਰੀਆਂ ਭਰੀਆਂ ਭਾਈ ਅਮਨਦੀਪ ਨਿਸ਼ਾਨੇ ਸਿੱਖੀ ਖਡੂਰ ਸਾਹਿਬ ਵਾਲੇ ਜੱਥੇ ਨੇ ਰਸ-ਭਿੰਨਾ ਕੀਰਤਨ ਤੇ ਆਨੰਦ ਸਾਹਿਬ ਪੜਕੇ ਸੰਪੂਰਨਤਾ ਕੀਤੀ ਅਰਦਾਸ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਆਪ ਕੀਤੀ ਤੇ ਹੁਕਮਨਾਮਾਂ ਸਿੰਘ ਸਾਹਿਬ ਗਿਆਨੀ ਮੰਗਲ ਸਿੰਘ ਜੀ ਪੰਜ ਪਿਆਰਾ ਸਹਿਬਾਂਨ ਨੇ ਲਿਆ ਬਾਬਾ ਹਰਕੀਰਤ ਸਿੰਘ ਜੀ ਨਾਨਕਸਰ ਭਾਜੀ ਅਵਤਾਰ ਸਿੰਘ ਜੀ ਦੇ ਜੱਥੇ ਵਾਲਿਆਂ ਨੇ ਹਾਜ਼ਰੀ ਭਰੀ ਸਿੰਘ ਸਾਹਿਬ ਸੰਤ ਬਾਬਾ ਜੋਗਾ ਸਿੰਘ ਮੁੱਖ ਜੱਥੇਦਾਰ ਮਿਸਲ ਸ਼ਹੀਦਾਂ ਤਰਨਾਂ ਦਲ ਬਾਬਾ ਬਕਾਲਾ ਜੀ ਦੇ ਨਾਲ ਤਿਆਰਪੁਰ ਤਿਆਰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਨਿਹੰਗ ਸਿੰਘਾਂ ਸਮੇਤ ਸਾਰੀਆਂ ਸ਼ਖਸ਼ੀਅਤਾਂ ਨੇਂ ਨਵੇਂ ਘਰ ਦਾ ਨੀਂਹ ਪੱਥਰ ਰੱਖਣ ਸਮੇਂ ਜੈਕਾਰਿਆਂ ਦੀਆਂ ਗੂੰਜਾਂ ਨਾਲ ਆਸਮਾਨ ਗੁੰਜਾ ਦਿੱਤਾ ਤੇ ਮਾਹੌਲ ਪੂਰਾ ਆਨੰਦਮਈ ਬਣਿਆਂ,ਸਟੇਟ ਬੈਂਕ ਆਫ ਇੰਡੀਆ ਦੇ ਉੱਚ ਅਧਿਕਾਰੀ ਭਾਈ ਤਜਿੰਦਰ ਸਿੰਘ ਖਾਲਸਾ ਸਟੇਟ ਬੈਂਕ ਆਫ ਇੰਡੀਆ ਦੇ ਮੈਨੇਜਰ ਕੇਡੀ ਸਿੰਘ ਖ਼ਾਲਸਾ ਹਰਵਿੰਦਰ ਸਿੰਘ ਮੈਨੇਜਰ ਗਿਆਨੀ ਅਵਤਾਰ ਸਿੰਘ ਮੱਕੜ ਕਥਾਵਾਚਕ ਗੁ ? ਛੇਹਰਟਾ ਸਾਹਿਬ ਜੀ ਸੰਦੀਪ ਕੌਰ ਐਸ ਬੀ ਆਈ ਨਪਿੰਦਰ ਸਿੰਘ ਪ੍ਰਧਾਂਨ ਲਖਵਿੰਦਰ ਸਿੰਘ ਅੰਮ੍ਰਿਤਸਰ ਜੱਜ ਸ੍ਰ ਲੱਖਾ ਸਿੰਘ ਜਗਦੇਵ ਕਲਾਂ ਜਸਬੀਰ ਸਿੰਘ ਮੇਤਲਾ ਬਲਵਿੰਦਰ ਸਿੰਘ ਲਹਿਰੀ ਕਰਨਦੀਪ ਸਿੰਘ ਜਸ਼ਨਦੀਪ ਸਿੰਘ ਸੁੱਖਚੈਨ ਸਿੰਘ ਮਨਪ੍ਰੀਤ ਸਿੰਘ ਸ੍ਰ ਹਰਨੇਕ ਸਿੰਘ ਮੈਂਬਰ ਪੰਚਾਇਤ ਵਰਪਾਲ ਸ੍ਰ ਜਸਬੀਰ ਸਿੰਘ ਮੱਤੇਵਾਲ ਮੈਂਬਰ ਧਰਮ ਪ੍ਰਚਾਰ ਕਮੇਟੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾਂ ਸਾਹਿਬ ਬਿਹਾਰ. ਤੇ ਹੋਰ ਦੇਸ਼ ਵਿਦੇਸ਼ ਤੋਂ ਸੰਗਤ ਨੇ ਹਾਜ਼ਰੀ ਭਰੀ ਤੇ ਅਖੀਰ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਨੇ ਆਈਆਂ ਸੰਗਤਾਂ ਸ਼ਖਸ਼ੀਅਤਾ ਦਾ ਧੰਨਵਾਦ ਕੀਤਾ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਾਨਿ ਕੋਟਿ ਸ਼ੁਕਰਾਨਾ ਕੀਤਾ ਪੂਰਾ ਸਮਾਗਮ ਗੁਰਮਤਿ ਦੇ ਰੰਗ ਵਿੱਚ ਰੰਗਿਆ ਰਿਹਾ ਹੈ ਜੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗਿਆਨੀ ਪਿੰਦਰਪਾਲ ਸਿੰਘ ਜੀ ਦੀ ਮਾਤਾ ਬਲਬੀਰ ਕੌਰ ਜੀ


# ਭਜਨ, ਬੰਦਗੀ ਸਿਮਰਨ ਬਾਣੀ ਜੱਪਣ ਵਾਲੀ ਰੂਹ ਸਨ : ਮੁੱਖ ਬੁਲਾਰਾ ਸੰਤ ਸਮਾਜ




**ਚੌਕ ਮਹਿਤਾ, 8 ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿੱਖ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਜੀ ਦੀ ਸਤਿਕਾਰ ਯੋਗ ਮਾਤਾ ਬਲਬੀਰ ਕੌਰ ਧਰਮ ਸਪੁੱਤਨੀ ਸ, ਹਰਦਿਆਲ ਸਿੰਘ ਜੀ ਅਚਾਨਕ ਅਕਾਲ ਚਲਾਣਾ ਕਰ ਗਏ। ਇਸ ਸਮੇਂ ਸੰਤ ਸਮਾਜ ਦੇ ਮੁੱਖ ਬੁਲਾਰੇ ਸੰਤ ਬਾਬਾ ਗੁਰ ਭੇਜ ਸਿੰਘ ਸੰਪਰਦਾਇ ਹਰਖੋਵਾਲ ਖੁਜਾਲੇ ਵਾਲਿਆਂ ਨੇ ਕਿਹਾ ਕਿ ਸਤਿਕਾਰ ਯੋਗ ਮਾਤਾ ਬਲਬੀਰ ਕੌਰ ਜੀ ਸਿਮਰਨ,ਬੰਦਗੀ ,ਨਾਮ ਜੱਪਣ ਵਾਲੀ ਰੂਹ ਸਨ ।ਮਾਝੇ ਦੇ ਸਮੂਹ ਸੰਤ ਸਮਾਜ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਧੰਨ ਉਹ ਮਾਤਾ ਜਿਨ੍ਹਾਂ ਨੇ ਸਿੱਖ ਪੰਥ ਦੇ ਮਹਾਨ ਵਿਦਿਆਨ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਜੀ ਨੂੰ ਜਨਮ ਦਿੱਤਾ। ਗਿਆਨੀ ਪਿੰਦਰਪਾਲ ਸਿੰਘ ਜੀ ਨੇ ਸਿੱਖ ਪੰਥ ਦਾ ਸਿਰ ਉੱਚਾ ਕੀਤਾ। ਇਸ ਸਮੇਂ ਸੰਤਾ ਮਹਾਪੁਰਖਾਂ ਨੇ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਮਾਤਾ ਜੀ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸਿਸ਼ ਕਰਨ ਅਤੇ ਸਮੂਹ ਪਰਿਵਾਰ ਤੇ ਸੰਗਤਾ ਨੂੰ ਭਾਣਾ ਮੰਨਣ ਦਾ ਬੱਲ ਬਖਸਿਸ਼ ਕਰਨ ।ਇਸ ਦੌਰਾਨ ਸੰਤ ਬਾਬਾ ਵਰਿੰਦਰ ਮੁੱਨੀ ਫੇਰੂਮਾਨ ਵਾਲੇ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ ਵਾਲੈ, ਬਾਬਾ ਸੁਖਵੰਤ ਸਿੰਘ ਚੰਨਣਕੇ ਅਤੇ ਹੋਰ ਸੰਗਤਾ ਹਾਜ਼ਰ ਸਨ।

### ਕੀ ਪੰਜਾਬ ਸਰਕਾਰ ਸਾਰੀਆਂ ਸਿਹਤ ਸੇਵਾਵਾਂ ਮੁਫਤ ਦੇ ਪਾਵੇਗੀ : ਡਾ. ਦਲੇਰ ਸਿੰਘ ਮੁਲਤਾਨੀ

# ਕਾਸ਼ ਇਹ ਸੱਚ ਹੋ ਜਾਵੇ



**ਚੌਕ ਮਹਿਤਾ, 8 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਇਹ ਕਿਸੇ ਕੋਲ਼ੋਂ ਛਿਪਿਆ ਨਹੀਂ ਕਿ ਪੰਜਾਬ ਵਿਚ ਸਿਆਸੀ ਜਿੱਦ ਕਰਕੇ ਬਹੁਤੀ ਬਿਜਲੀ ਮੁਫ਼ਤ ਕਰ ਦਿੱਤੀ ਪਰ ਬਿਜਲੀ ਦੇ ਕੱਟ ਪੰਜ ਘੰਟੇ ਤੋ ਲੈ ਕੇ ਪੰਦਰਾਂ ਘੰਟੇ ਤੱਕ ਪਿੰਡਾਂ ਵਿੱਚ ਲੱਗ ਰਹੇ ਉਹ ਵੀ ਉਸ ਸਮੇਂ ਜਦੋਂ ਸਵੇਰੇ ਤੇ ਸ਼ਾਮ ਕੰਮ ਕਰਨ ਦਾ ਮੌਕਾ ਨਾਲੇ ਕੜਾਕੇ ਦੀ ਸਰਦੀ ਹੁੰਦੀ ਤੇ ਮੀਡੀਆ ਤੇ ਐਡਾਂ ਆਉਂਦੀਆਂ ਬਿਜਲੀ ਮੁਫ਼ਤ ਅਤੇ ਇੱਕ ਮਿੰਟ ਦਾ ਵੀ ਕੱਟ ਨਹੀਂ ਲੱਗਦਾ ਪੱਤਰਕਾਰਾ ਨਾਲ ਗੱਲਬਾਤ ਕਰਦਿਆਂ ਡਾ ਦਲੇਰ ਸਿੰਘ ਮੁਲਤਾਨੀ ਰਿਟਾ: ਸਿਵਲ ਸਰਜਨ ਨੇ ਦੱਸਿਆ ਕਿ ਹੁਣ ਸਿਹਤ ਮਹਿਕਮੇ ਬਾਰੇ ਕਹਿ ਦਿੱਤਾ ਕਿ ਸਾਰੀਆਂ ਦਵਾਈਆਂ / ਇਲਾਜ ਹਸਪਤਾਲਾਂ ਦੇ ਵਿੱਚ ਮੁਫ਼ਤ ਤੇ ਦਵਾਈਆਂ ਦੇਣੀਆਂ ਡਾਕਟਰਾਂ ਦੀ ਜ਼ੁੰਮੇਵਾਰੀ ਸਾਰਾ ਇਲਾਜ ਸਰਕਾਰੀ ਹਸਪਤਾਲ ਵਿੱਚ ਮੁਫ਼ਤ ਕਰਨਾ ਉਸੇ ਤਰਾਂ ਅਸੰਭਵ ਹੈ ਜਿਸ ਤਰਾਂ "ਬਿਜਲੀ ਮੁਫ਼ਤ ਦਿੱਤੀ ਪਰ ਦੇਣੀ ਹੈ ਨਹੀਂ " , ਇਸੇ ਤਰਾਂ ਇਲਾਜ ਮੁਫ਼ਤ ਪਰ ਕਰਨਾ ਹੈ ਨਹੀਂ ।

ਇੱਕ ਬੰਦੇ ਦੇ ਸਰੀਰ ਨੂੰ ਤਕਰੀਬਨ ਤੀਹ ਹਜ਼ਾਰ ਬਿਮਾਰੀਆਂ ਲੱਗ ਸਕਦੀਆਂ ਤੇ ਹਜ਼ਾਰਾਂ ਕਿਸਮ ਦੇ ਸਾਲਟ ਤੇ ਲੱਖਾਂ ਕਿਸਮ ਦੇ ਉਹਨਾਂ ਨੂੰ ਮਿਲਾ ਕੇ ਹੋਰ ਦਵਾਈਆਂ ਬਣਦੀਆਂ , ਉਸ ਦੇ ਉੱਪਰੋਂ ਉਪਰੇਸ਼ਨ ਕਰਨ ਤੇ ਇਕ ਮਰੀਜ਼ ਤੇ ਹਜ਼ਾਰਾਂ ਦਾ ਖਰਚਾ ਆ ਜਾਂਦਾ ਜੋ ਕਿਸੇ ਵੀ ਸਰਕਾਰ ਵਾਸਤੇ ਮੁਫ਼ਤ ਕਰਨਾ ਅਸੰਭਵ ।

ਸਰਕਾਰ ਸਾਰੀਆਂ ਦਵਾਈਆਂ , ਟੈਸਟ , ਡਾਇਗਨੋਸਟਿਕ , ਉਪਰੇਸ਼ਨ ਹਸਪਤਾਲਾਂ ਵਿੱਚੋਂ ਮੁਫ਼ਤ ਦੇਵੇ ਤਾਂ ਬਹੁਤ ਚੰਗਾ ਪਰ ਇਹ ਅਸੰਭਵ ਬਿਆਨ / ਆਡਰ ਹਨ ਜੋ ਕਿ ਝੂਠ ਦੀਆਂ ਸਾਰੀਆਂ ਹੱਦਾਂ ਪਾਰ ਹਨ।

ਇਕ ਗੱਲ ਹੋਰ ਸਰਕਾਰ ਨੂੰ ਯਾਦ ਰੱਖਣੀ ਚਾਹੀਦੀ ਕਿ ਸਰਕਾਰੀ ਸਿਹਤ ਸੇਵਾਵਾਂ ਦਾ ਮੁੱਖ ਮਕਸਦ ਕਿ ਲੋਕਾਂ ਨੂੰ ਬਿਮਾਰੀਆਂ ਨਾ ਲੱਗਣ ਤੇ ਲੋਕ ਤੰਦਰੁਸਤ ਰਹਿਣ ਪਰ ਸਰਕਾਰ ਦਾ ਉਸ ਪਾਸੇ ਧਿਆਨ ਨਹੀ ਸਗੋ ਗੋਲੀਆਂ ਵੰਡਣ ਵੱਲ ਜ਼ਿਆਦਾ ਤਾਂ ਕਿ ਝੂਠੀਆਂ ਐਡਾਂ ਕਰਕੇ ਵੋਟਾਂ ਬਟੋਰ ਸਕਣ ਦੂਸਰਾ ਸਭ ਤੋਂ ਜ਼ਿਆਦਾ ਡਾਕਟਰਾਂ ਨੂੰ ਬੇਇੱਜ਼ਤ ਕਰਨ ਵਾਲਾ ਬਿਆਨ ਮੁੱਖ ਮੰਤਰੀ ਜੀ ਵੱਲੋਂ ਦਿੱਤਾ ਗਿਆ ਕਿ ਜੇਕਰ ਦਵਾਈ ਹਸਪਤਾਲ ਵਿੱਚ ਨਹੀਂ ਤਾਂ ਡਾਕਟਰ ਮਾਰਕਿਟ ਵਿੱਚੋਂ ਮਰੀਜ਼ ਨੂੰ ਦਵਾਈ ਲਿਆ ਕੇ ਦੇਵੇ ਪਰ ਕਿਉਂ ?ਡਾਕਟਰਾਂ ਨੂੰ ਚਾਹੀਦਾ ਕਿ ਹਸਪਤਾਲਾਂ ਵਿੱਚ ਆਉਦੀਆਂ ਮਾਮੂਲੀ ਤੇ ਘਟੀਆ ਦਵਾਈਆਂ ਮਰੀਜ਼ਾਂ ਨੂੰ ਖ਼ੁਆਉਣ , ਮਰੀਜ ਠੀਕ ਹੁੰਦਾ ਜਾਂ ਨਹੀਂ ਇਹ ਡਾਕਟਰ ਦੀ ਜਿਮੇਵਾਰੀ ਨਹੀਂ ਜੇਕਰ ਡਾਕਟਰ ਨੂੰ ਸਹੀ ਢੰਗ ਨਾਲ ਇਲਾਜ ਨਾ ਕਰਨ ਦਿੱਤਾ ਗਿਆ। ਹਸਪਤਾਲਾਂ ਦੀਆਂ ਟੁੱਟੀਆਂ ਅਲਮਾਰੀਆਂ ਨੂੰ ਐਕਸ ਰੇ ਮਸ਼ੀਨਾਂ ਦੱਸ ਕਿ ਐਕਸਰੇ ਖਿੱਚੋ ।ਟੁੱਟੀਆਂ ਐਮਬੂਲੈਸਾਂ ਨੂੰ ਵੱਡੀਆਂ ਅਲਟਰਾ ਸਾਉਂਡ ਮਸ਼ੀਨਾਂ ਕਹਿ ਕੇ ਅਲਟਰਾ ਸਾਉਡ ਸੀਟੀ ਸਕੈਨ ਭਾਵੇਂ ਐਮ ਆਰ ਆਈ ਮਸੀਨਾਂ ਕਹਿ ਕੇ ਮਰੀਜ਼ਾਂ ਦੀਆਂ ਫੋਟੋਆਂ ਖਿੱਚੋ 1800 ਦੇ ਕਰੀਬ ਸਾਰੀਆਂ ਐਲੋਪੈਥਿਕ ਸਰਕਾਰੀ ਸਿਹਤ ਸੰਸ਼ਥਾਵਾਂ ਜਿਸ ਵਿੱਚ 1186 ਡਿਸਪੈਂਸਰੀਆਂ, 500 ਦੇ ਕਰੀਬ ਮਿਨੀ ਪੀ ਐਚ ਸੀਜ / ਪੀ ਐਚ ਸੀਜ / ਸੀ ਐਚ ਸੀਜ , 100 ਦੇ ਕਰੀਬ ਸਬ ਡਵੀਜ਼ਨ ਹਸਪਤਾਲ ਅਤੇ 23 ਜਿਲਾ ਹਸਪਤਾਲ ਤੇ ਕੁਝ ਹੋਰ ਹਸਪਤਾਲ ਹਨ । ਇਸ ਤੋਂ ਇਲਾਵਾ 659 ਆਮ ਆਦਮੀ ਕਲੀਨਿਕ ਹਨ । ਤੇ ਇਹਨਾਂ ਹਸਪਤਾਲਾਂ ਵਿੱਚੋਂ ਤਕਰੀਬਨ 10 -20 % ਵਿੱਚ ਐਕਸਰੇ ਮਸ਼ੀਨਾਂ ਤੇ 10% ਤੋ ਘੱਟ ਅਲਟਰਾ ਸਾਉਡ ਮਸ਼ੀਨਾਂ ਹਨ ਫਿਰ ਬਾਕੀ ਥਾਂਵਾਂ ਤੇ ਐਕਸ ਰੇ ਅਲਟਰਾ ਸਾਉਡ ਕਿੱਥੇ ਹੋਣੇ ਤੇ ਬਾਕੀ ਟੈਸਟ ਨਾਲੇ ਦਵਾਈਆਂ ਕਿੱਥੋਂ ਆਉਣੀਆਂ ਕਿਉਂਕਿ ਯਾਦ ਰੱਖੋ ਹਰ ਨਵਾਂ ਮਰੀਜ਼ ਡਾਕਟਰ ਵਾਸਤੇ ਨਵੀਂ ਖੋਜ ਹੁੰਦੀ। ਨਾਲੇ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ ਨਾ ਆਉਣ ਦਾ ਵੱਡਾ ਕਾਰਨ ਕਿ ਦਵਾਈਆਂ ਬਹੁਤ ਘੱਟ ਅਤੇ ਘਟੀਆ ਕਿਸਮ ਦੀਆਂ ਆਉਦੀਆਂ ਸਵਾਲ ਵੱਡਾ ਡਾਕਟਰਾਂ ਲਈ ਹੈ ਕਿ ਕੀ ਤੁਸੀ ਅਪਣੀ ਡਿਗਰੀ ਅਤੇ ਮੈਡੀਕਲ ਐਥਿਕਸ ਨਾਲ ਖਿਲਵਾੜ ਕਰਕੇ ਮਰੀਜ਼ਾਂ ਨੂੰ ਮਾਰਨ ਦੀ ਜ਼ੁੰਮੇਵਾਰੀ ਅਪਣੇ ਸਿਰ ਲਵੋਂਗੇ ਜਾਂ ਫਿਰ ਮਰੀਜ਼ਾਂ ਕੋਲ਼ੋਂ ਸਿਰ ਪੜਵਾਓਗੇ ਤੇ ਸਰਕਾਰ ਦੀ ਬੱਲੇ ਬੱਲੇ ਕਰੋਗੇ ?

ਸਾਰੀਆਂ ਦਵਾਈਆਂ ਸਾਰੇ ਮੁਫ਼ਤ ਟੈਸਟ ਦੇ ਬਿਆਨ ਪਹਿਲੀਆਂ ਸਰਕਾਰਾਂ ਨੇ ਵੀ ਬਹੁਤ ਦਿੱਤੇ ਜੋ ਮੁਫ਼ਤ ਬਿਜਲੀ ਦੀ ਤਰਾਂ ਫੇਲ ਹੋਏ ਤੇ ਹੁਣ ਵਾਲੀ ਸਰਕਾਰ ਤਾਂ ਪਹਿਲਾਂ ਹੀ ਸਿਹਤ ਮਹਿਕਮੇ ਦਾ ਬਹੁਤ ਨੁਕਸਾਨ ਕਰ ਚੁੱਕੀ ਆਮ ਆਦਮੀ ਕਲੀਨਿਕਾਂ ਰਾਂਹੀ ਤੇ ਹੁਣ ਰਹਿੰਦ ਖੁਹਿੰਦ ਵੀ ਖਤਮ ਕਰੇਗੀ ਪੰਜਾਬ ਸਰਕਾਰ ਜ਼ਰਾ ਹੋਸ਼ ਕਰੋ ਤੇ ਗਰਾਊਂਡ ਤੇ ਆ ਕੇ ਗੱਲ ਕਰੋ ,ਹਵਾਈ ਤੀਰ ਨਾ ਛੱਡੋ । ਸਿਹਤ ਅਤੇ ਸਿਹਤ ਮਹਿਕਮਾ ਬਹੁਤ ਗੁੰਝਲਦਾਰ , ਨਾਜਕ ਅਤੇ ਹਲੀਮੀ ਵਾਲਾ ਹੈ ਇਸ ਕਰਕੇ ਬਹੁਤ ਗੰਭੀਰਤਾ ਮੰਗਦਾ , ਸ਼ੋਸੇਬਾਜੀਆਂ ਨਹੀਂ।

# ਸਿਹਤ ਵਿਭਾਗ ਨੇ ਬੱਚਿਆਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਪਾਣੀ ਦੇ ਸੈਪਲ ਭਰੇ

**ਧੂਰੀ,( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਡਾਕਟਰ ਕਿਰਪਾਲ ਸਿੰਘ ਜੀ ਦੇ ਦਿਸ਼ਾ ਨਿਰਦੇਸ਼ ਅਤੇ ਐਸ ਐਮ ਓ ਡਾਕਟਰ ਮਹੁੰਮਦ ਆਖਤਰ ਜੀ ਦੀ ਯੋਗ ਅਗਵਾਈ ਵਿੱਚ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਆਉਂਦੇ ਪਿੰਡ ਬੇਨੜਾ,ਕਹੈਰੂ ਅਧੀਨ ਆਉਂਦੇ ਸਰਕਾਰੀ ਪ੍ਰਾਇਮਰੀ ਸਕੂਲ,ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਤੇ ਆਂਗਨਵਾੜੀ ਸੈਂਟਰਾਂ ਦੇ ਪੀਣ ਵਾਲੇ ਪਾਣੀ ਦੇ ਨਮੂਨੇ ਲਏ ਗਏ । ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਪਾਣੀ ਦੇ ਸੈਪਲ ਲੈ ਕੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਸੰਗਰੂਰ ਵਿਖੇ ਭੈਜੇ ਗਏ ਤਾਂ ਜੋ ਪਾਣੀ ਦੀ ਸ਼ੁੱਧਤਾ ਅਤੇ ਪੀਣਯੋਗ ਹੋਣ ਬਾਰੇ ਪਤਾ ਲੱਗ ਸਕੇ । ਕਿਉਂਕਿ ਪਾਣੀ ਸ਼ੁੱਧ ਨਾ ਹੋਣ ਕਾਰਨ ਦਸਤ ਰੋਗ,ਹੈਜ਼ਾ,ਪੀਲੀਆਂ,ਟਾਈਫਾਈਡ,ਪੇਟ ਦੇ ਕੀੜੇ ਆਦਿ ਤੋਂ ਬਚਾਇਆ ਜਾ ਸਕੇ । ਕਿਉਂਕਿ ਸ਼ੁੱਧ ਪਾਣੀ ਹੀ ਜੀਵਨ ਹੈ। ਟੀਮ ਮੈਂਬਰ ਅਮਰੀਕ ਸਿੰਘ ਮ,ਪ ਹ,ਵ (ਮ) ਅਤੇ ਟੀਮ ਦੀ ਸੁਪਰਵੀਜਨ ਅਸ਼ੋਕ ਕੁਮਾਰ ਐਸ ਆਈ ਨੇ ਕੀਤੀ।



# ਐਸ ਐਚ ਓ ਮਨਤੇਜ ਸਿੰਘ ਨੇ ਥਾਣਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਦਾ ਸੰਭਾਲਿਆ ਕਾਰਜਭਾਰ



**ਗੁਰਦਾਸਪੁਰ/ਸ਼੍ਰੀ ਹਰਗੋਬਿੰਦਪੁਰ ਸਾਹਿਬ, 8 ਫ਼ਰਵਰੀ (ਕੁਲਜੀਤ ਸਿੰਘ ਖੋਖਰ)**-ਥਾਣਾ ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ ਦਾ ਐਸਐਚਓ ਸਰਦਾਰ ਮਨਤੇਜ ਸਿੰਘ ਜੀ ਨੇ ਕਾਰਜਭਾਰ ਸੰਭਾਲਿਆ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਥਾਣੇ ਵਿੱਚ ਆਪਣੇ ਕੰਮ ਆਉਣ ਵਾਲਿਆਂ ਦਾ ਮਾਣ ਸਤਿਕਾਰ ਕੀਤਾ ਜਾਵੇਗਾ ਉਨ੍ਹਾਂ ਕਿਹਾ ਕਿ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਅਤੇ ਸ਼ਰਾਰਤੀ ਅਨਸਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਐਸ ਐਚ ਓ ਮਨਤੇਜ ਸਿੰਘ ਜੀ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕੀਤਾ ਜਾਵੇ ਇਸ ਮੌਕੇ ਸਬ ਇੰਸਪੈਕਟਰ ਮੇਜਰ ਸਿੰਘ ਸਬ ਇੰਸਪੈਕਟਰ ਰਵੇਲ ਸਿੰਘ ਸਬ ਇੰਸਪੈਕਟਰ ਸਵੰਬਰਜੀਤ ਸਿੰਘ ਏਂ ਐਸ ਆਈ ਅਮਰੀਕ ਸਿੰਘ ਮੁੱਖ ਮੁਨਸ਼ੀ ਪਰਮਜੀਤ ਸਿੰਘ ਸੈਣੀ, ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਮਾਸਟਰ ਤਾਰਾ ਸਿੰਘ ਭਾਰਤ ਰਤਨ ਦੇ ਹੱਕਦਾਰ, ਜਲਦ ਦਿੱਤਾ ਜਾਏ ਸਨਮਾਨ: ਸਾਹਨੀ

ਨਵੀਂ ਦਿੱਲੀ 8 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਸੰਸਦ ਵਿੱਚ ਮੰਗ ਕੀਤੀ ਹੈ ਕਿ ਮਾਸਟਰ ਤਾਰਾ ਸਿੰਘ ਵੱਲੋਂ ਪੰਜਾਬ ਨੂੰ ਭਾਰਤ ਨਾਲ ਜੋੜਨ ਵਿੱਚ ਪਾਏ ਵੱਡਮੁੱਲੇ ਯੋਗਦਾਨ ਲਈ ਭਾਰਤ ਰਤਨ ਦਿੱਤਾ ਜਾਣਾ ਚਾਹੀਦਾ ਹੈ। ਸ੍ਰ. ਸਾਹਨੀ ਨੇ ਕਿਹਾ ਕਿ ਉਹ ਮਾਸਟਰ ਤਾਰਾ ਸਿੰਘ ਹੀ ਸਨ ਜਿਨ੍ਹਾਂ ਨੇ ਜਿਨਾਹ ਦੀ ਤਜਵੀਜ਼ ਨੂੰ ਠੁਕਰਾ ਦਿੱਤਾ ਅਤੇ ਫੈਸਲਾ ਕੀਤਾ ਕਿ ਪੰਜਾਬ ਅਤੇ ਸਿੱਖ ਭਾਰਤ ਦੇ ਨਾਲ ਰਹਿਣਾ ਚਾਹੁੰਦੇ ਹਨ। ਸ੍ਰ. ਸਾਹਨੀ ਨੇ ਇਹ ਵੀ ਕਿਹਾ ਕਿ ਜੇਕਰ ਇਹ ਫੈਸਲਾ ਨਾ ਲਿਆ ਗਿਆ ਹੁੰਦਾ ਤਾਂ ਪਾਕਿਸਤਾਨ ਦੀ ਸਰਹੱਦ ਗੁੜਗਾਉਂ ਤੱਕ ਹੁੰਦੀ ਨਾ ਕਿ ਅਟਾਰੀ। ਸ੍ਰ. ਸਾਹਨੀ ਨੇ ਇਹ ਵੀ ਦੱਸਿਆ ਕਿ ਕਿਵੇਂ ਵੰਡ ਦੌਰਾਨ ਸਿੱਖਾਂ ਨੇ ਦੁੱਖੜੇ ਝੱਲੇ, ਜਿਸ ਦੌਰਾਨ 5 ਲੱਖ ਤੋਂ ਵੱਧ ਲੋਕਾਂ ਨੇ ਆਪਣੀਆਂ ਜਾਨਾਂ ਗਵਾਈਆਂ ਅਤੇ ਲੱਖਾਂ ਪੰਜਾਬੀਆਂ ਨੂੰ ਉਜਾੜੇ ਦਾ ਦੁੱਖ ਸਹਿਣਾ ਪਿਆ ਅਤੇ ਨਾਲ ਹੀ ਆਪਣੀ ਉਪਜਾਊ ਜ਼ਮੀਨ ਅਤੇ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਵਾਲੇ ਪਵਿੱਤਰ ਅਸਥਾਨ ਨੂੰ ਪਾਕਸਤਾਨ ਵਿਚ ਛੱਡ ਕੇ ਉਥੋਂ ਨਿਕਲਣਾ ਪਿਆ। ਸ੍ਰ. ਸਾਹਨੀ ਨੇ ਅੱਗੋਂ ਕਿ ਸਿੱਖ ਭਾਰਤ ਦੇ ਸਭ ਤੋਂ ਵੱਧ ਦੇਸ਼ ਭਗਤ ਨਾਗਰਿਕ ਹਨ ਅਤੇ ਉਹਨਾ ਨੇ ਇਸ ਭੂਮੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ ਅਤੇ ਹੁਣ ਵੀ ਕਰ ਰਹੇ ਹਨ।



# ਚੰਗੀ ਸੋਚ ਵਾਲੇ ਨੌਜਵਾਨ ਬਣਨ ਪੰਜਾਬ ਦੇ ਪਹਿਰੇਦਾਰ : ਭਾਨ ਸਿੰਘ ਜੱਸੀ

## ਗੱਡੀਆਂਵਾਲੇ ਲੋੜਵੰਦਾਂ ਨੂੰ ਵੰਡੇ ਗਏ ਕੰਬਲ



ਮਹਿਲ ਕਲਾਂ 6 ਫਰਵਰੀ (ਪੱਤਰ ਪ੍ਰੇਰਕ) ਬਰਨਾਲਾ ਜ਼ਲ੍ਹਿ ਦੇ ਸਥਾਨਕ ਪਿੰਡ ਹਮੀਦੀ ਵਿਖੇ ਝੁੱਗੀਆਂ ਵਿੱਚ ਰਹਿਣ ਵਾਲੇ ਲੁਹਾਰ ਵਰਗ ਦੇ ਗੱਡੀਆਂ ਵਾਲੇ ਅਤੇ ਹੋਰਨਾਂ ਲੋੜਵੰਦ ਵੀਰਾ ਭੈਣਾਂ ਨੂੰ ਸਮਾਜ ਸੇਵੀ ਭਾਨ ਸਿੰਘ ਜੱਸੀ ( ਜੱਸੀ ਪੇਦਨੀ ) ਵੱਲੋਂ ਕੰਬਲ ਵੰਡਣ ਦੀ ਸੇਵਾ ਕੀਤੀ ਗਈ। ਇਸ ਮੌਕੇ ਬੋਲਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਕਿਹਾ ਕਿ ਪੰਜਾਬ ਵਿੱਚ ਦਿਨੋਂ ਦਿਨ ਨਸ਼ਿਆਂ ਦਾ ਦੌਰ ਵੱਧ ਰਿਹਾ ਹੈ। ਉਨਾ ਕਿਹਾ ਕਿ ਕੁਝ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਜਾਣ ਬੁਝ ਕੇ ਪੰਜਾਬ ਦੇ ਨੌਜਵਾਨਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਸਰਬੱਤ ਦਾ ਭਲਾ ਮੰਗਣ ਵਾਲੇ ਦੱਬੇ ਕੁਚਲਿਆਂ ਅਤੇ ਗਰੀਬ ਭਾਈ ਲਾਲੋਆਂ ਦੇ ਮਸੀਹਾ ਗੁਰੂ ਨਾਨਕ ਬਾਬਾ ਜੀ ਦੇ ਸਿਧਾਂਤ ਤੋਂ ਦਿਨੋ ਦਿਨ ਟੁੱਟਦੇ ਜਾ ਰਹੇ ਹਨ ਜਿਸ ਕਾਰਨ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਪਖੰਡੀ ਅਤੇ ਠੱਗ ਕਿਸਮ ਦੇ ਲੋਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਅੰਤ ਵਿੱਚ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਪੰਜਾਬ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਗਰੀਬਾਂ ਦੇ ਜਗਤ ਗੁਰੂ , ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਬਚਾਉਣ ਲਈ ਪੰਜਾਬ ਦੇ ਪਹਿਰੇਦਾਰ ਬਣਨ ਲਈ ਅੱਗੇ ਆਉਣ, ਇਸ ਮੌਕੇ ਹੋਰਨਾਂ ਤੋਂ ਇਲਾਵਾ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਏਕਮ ਸਿੰਘ ਦਿਓਲ , ਸਾਬਕਾ ਸਰਪੰਚ ਦਰਸ਼ਨ ਸਿੰਘ ਰਾਣੂ , ਸਾਬਕਾ ਪੰਚ ਸੁਰਜੀਤ ਸਿੰਘ , ਸਾਬਕਾ ਸੈਨਿਕ ਤੇਜਾ ਸਿੰਘ ਸਿੰਘ ਪਾਲ , ਸਾਬਕਾ ਸੈਨਕ ਸਰਬਜੀਤ ਸਿੰਘ ,ਨੰਬਰਦਾਰ ਗੁਰਮੁਖ ਸਿੰਘ ਹਮੀਦੀ , ਬਲਬੀਰ ਸਿੰਘ ਪਾਲ , ਮੋਹਣ ਸਿੰਘ , ਰੂਪ ਸਿੰਘ ਅਤੇ ਹਰਬੰਸ ਸਿੰਘ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ ।

## ਸਿੱਖ ਜਥੇਬੰਦੀਆਂ ਅਤੇ ਗੱਦੀ ਲਾ ਕੇ ਪੁੱਛਾਂ ਦੇਣ ਵਾਲੀ ਬੀਬੀ ਵਿਚ ਤਨਾਅ ਜਾਰੀ

# ਗੱਦੀ ਲਾਉਣ ਵਾਲਿਆਂ ਘਰ ਗੁਰੂ ਗ੍ਰੰਥ ਸਾਹਿਬ ਨਹੀਂ ਜਾਣ ਦੇਵਾਂਗੇ—ਸਿੱਖ ਜਥੇਬੰਦੀਆਂ




**ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :—** ਕਾਫੀ ਲੰਮੇ ਸਮੇਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੋਏ ਹੁਕਮ ਨਾਮਿਆਂ ਨੂੰ ਲਾਗੂ ਕਰਵਾਉਣ ਦੇ ਨਾਲ—ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਮਾਣ—ਮਰਿਆਦਾ ਨੂੰ ਬਹਾਲ ਰੱਖਣ ਅਤੇ ਪਾਖੰਡੀ ਬਾਬਿਆਂ ਜੋ ਸ੍ਰੀ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਨੂੰ ਚੁਣੌਤੀ ਦੇ ਕੇ ਘਰਾਂ ਵਿਚ ਗੁਰੂਆਂ, ਪੀਰਾਂ ਦੀਆਂ ਗੱਦੀਆਂ ਲਾ ਕੇ ਆਪਣੇ ਕੋਲ ਗੈਬੀ ਸ਼ਕਤੀ ਹੋਣ ਦਾ ਦਾਅਵਾ ਕਰਕੇ ਲੋਕਾਂ ਦਾ ਆਰਥਿਕ ਸੋਸ਼ਣ ਕਰ ਰਹੇ ਹਨ, ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਭਾਈ ਲਖਬੀਰ ਸਿੰਘ ਮਹਾਲਮ, ਭਾਈ ਜ਼ਸਪਾਲ ਸਿੰਘ ਨੇ ਦੱਸਿਆ ਕਿ ਇਸ ਸਬੰਧੀ ਸਿੱਖ ਜਥੇਬੰਦੀਆਂ ਕਾਰਵਾਈ ਕਰਵਾਉਣ ਲਈ ਬਜਿਦ ਹਨ, ਜਿਸ ਸਬੰਧੀ ਪੁਲਿਸ ਪ੍ਰਸ਼ਾਸਨ ਤੱਕ ਪਹੁੰਚ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਵਿਰੁੱਧ ਸੰਘਰਸ਼ ਕਰ ਰਹੀਆਂ ਸਿੱਖ ਜਥੇਬੰਦੀਆਂ ਜਿਨ੍ਹਾਂ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਕਲਗੀਧਰ ਅੰਮ੍ਰਿਤ ਸੰਚਾਰ ਜਥਾ, ਏਕ ਨੂਰ ਖਾਲਸਾ ਫੌਜ਼, ਇੰਟਰਨੈਸ਼ਨਲ ਪੰਥਕ ਦਲ ਆਦਿ ਜਥੇਬੰਦੀਆਂ ਅਤੇ ਥਾਣਾ ਸਦਰ ਅਧੀਨ ਆਉਂਦੇ ਪਿੰਡ ਸੂਬਾ ਕਾਹਨ ਚੰਦ ਦੀ ਇਕ ਔਰਤ ਹਰਭਜਨ ਕੌਰ ਜੋ ਕਿ ਵਡਭਾਲ ਸਿੰਘ ਦੀ ਗੱਦੀ ਲਾ ਕੇ ਆਪਣੇ ਵਿਚ ਗੈਬੀ ਸ਼ਤੀ ਹੋਣ ਦਾ ਦਾਅਵਾ ਕਰਦੀ ਹੈ, ਵਿਰੁੱਧ ਘਰ ਵਿਚ ਆਖੰਡ ਪਾਠ ਕਰਾਉਣ ਦੇ ਮੁੱਦੇ ਤੇ ਪਿਛਲੇ ਕੁਝ ਦਿਨਾਂ ਤੋਂ ਚੱਲ ਰਿਹਾ ਵਿਵਾਦ ਜਾਰੀ ਹੈ। ਸਿੱਖ ਜਥੇਬੰਦੀਆਂ ਨੇ ਪਿਛਲੇ ਸਮੇਂ ਦੌਰਾਨ ਵੀ ਇਹ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਸਮਝ ਕੇ ਇਹ ਮੁੱਦਿਆਂ ਨੂੰ ਉਠਾਇਆ ਸੀ, ਜਿਸ ਤੇ ਇਸ ਬੀਬੀ ਹਰਭਜਨ ਕੌਰ ਨੇ ਮੁਆਫੀ ਮੰਗ ਕੇ ਅੱਗੇ ਤੋਂ ਗੱਦੀ ਨਾ ਲਾਉਣ ਦਾ ਪ੍ਰਣ ਕੀਤਾ ਸੀ, ਪਰ ਇਹ ਬੀਬੀ ਸਿੱਖ ਜਥੇਬੰਦੀਆਂ ਦੇ ਆਗੂਆਂ ਅਤੇ ਸੰਗਤਾਂ ਦੇ ਸਾਹਮਣੇ ਆਪਣੀ ਗਲਤੀ ਕਰਕੇ ਵਾਰ—ਵਾਰ ਮੁਕਰ ਜਾਂਦੀ ਹੈ ਅਤੇ ਹੁਣ ਇਸ ਨੇ ਇਹ ਆਪਣੇ ਘਰ ਜਿਥੇ ਗੱਦੀ ਲਾਉਂਦੀ ਹੈ, ਆਖੰਡ ਪਾਠ ਕਰਵਾਇਆ ਹੈ, ਜਿਸ ਤੇ ਰੋਹ ਵਿਚ ਆਈਆਂ ਸਿੱਖ ਜਥੇਬੰਦੀਆਂ ਨੇ ਕਾਨੂੰਨੀ ਕਾਰਵਾਈ ਲਈ ਐਸ.ਐਸ.ਪੀ ਫ਼ਿਰੋਜ਼ਪੁਰ ਅਤੇ ਥਾਣਾ ਸਦਰ ਵਿਖੇ ਦਰਖਾਸਤਾਂ ਕਾਰਵਾਈ ਕਰਾਉਣ ਲਈ ਦਿੱਤੀਆਂ ਸਨ, ਜਿਸ ਤੋਂ ਦੋਹਾਂ ਪਾਰਟੀਆਂ ਨੂੰ ਥਾਣਾ ਸਦਰ ਬੁਲਾਇਆ ਗਿਆ, ਪਰ ਮਸਲੇ ਦਾ ਕੋਈ ਹੱਲ ਨਹੀਂ ਨਿਕਲ ਸਕਿਆ, ਜਿਥੇ ਸਿੱਖ ਜਥੇਬੰਦੀਆਂ ਉਸ ਬੀਬੀ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਲਈ ਅੜੀਆਂ ਹੋਈਆਂ ਹਨ, ਉਥੇ ਬੀਬੀ ਆਪਣੇ ਆਪ ਨੂੰ ਨਿਰਦੋਸ਼ ਦਸ ਰਹੀ ਹੈ, ਇਸ ਲਈ ਦੋਹਾਂ ਧਿਰਾਂ ਵਿਚ ਤਣਾਅ ਜਾਰੀ ਹੈ ਅਤੇ ਅਗਲੇ ਹੁਕਮਾਂ ਦੀ ਉਡੀਕ ਕੀਤੀ ਜਾ ਰਹੀ ਹੈ, ਸਿੱਖ ਜਥੇਬੰਦੀਆਂ ਨੇ ਪ੍ਰਸ਼ਾਸਨ ਨੂੰ ਦਸ ਦਿਨ ਦਾ ਸਮਾਂ ਦਿੱਤਾ ਹੈ, ਜਿਸ ਤੋਂ ਬਾਅਦ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇਸ ਸਮੇਂ ਭਾਈ ਲਖਬੀਰ ਸਿੰਘ ਮਹਾਲਮ, ਭਾਈ ਜ਼ਸਪਾਲ ਸਿੰਘ, ਜਰਨੈਲ ਸਿੰਘ ਗਾਬੜੀਆ, ਡਾ: ਗੁਰਮੀਤ ਸਿੰਘ ਸਿੱਧੂ, ਅਮਰ ਸਿੰਘ, ਕੁਲਦੀਪ ਸਿੰਘ ਲੋਕੋ, ਬਲਕਾਰ ਸਿੰਘ ਸੇਵਾ ਸਿੰਘ ਆਦਿ ਹਾਜ਼ਰ ਸਨ।

## ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਵਿਸ਼ਾਲ ਕਨਵੈਂਸ਼ਨ

# ਕੇਂਦਰ ਤੇ ਰਾਜ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਕੀਤੀ ਨਿਖੇਧੀ






ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :— ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕੇਂਦਰ ਅਤੇ ਰਾਜ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ (ਜੇ.ਪੀ.ਐਮ.ਓ) ਫਿਰੋਜ਼ਪੁਰ ਵੱਲੋਂ ਨੇੜੇ ਡਰਾਈਵਰ ਤੇ ਗਾਰਡ ਰਨਿੰਗ ਰੂਮ ਫਿਰੋਜਪੁਰ ਛਾਉਣੀ ਵਿਖੇ ਵਿਸ਼ਾਲ ਕਨਵੈਂਸ਼ਨ ਕੀਤੀ ਗਈ। ਇਸ ਕਨਵੈਂਸ਼ਨ ਵਿੱਚ ਕੇਂਦਰ ਤੇ ਰਾਜ ਸਰਕਾਰ ਦੇ ਮੁਲਾਜ਼ਮ, ਪੈਨਸ਼ਨਰ, ਕਿਸਾਨ, ਆਟੋ ਰਿਕਸ਼ਾ ਚਾਲਕ, ਮਨਰੇਗਾ ਮਜ਼ਦੂਰ, ਪੱਲੇਦਾਰ ਯੂਨੀਅਨ ਦੇ ਆਗੂਆਂ ਨੇ ਆਕਾਸ਼ ਗਜਾਉ ਨਾਹਰੇ ਮਾਰਦੇ ਹੋਏ ਕਨਵੈਂਸ਼ਨ ਵਿੱਚ ਸ਼ਾਮਿਲ ਹੋਏ। ਇਸ ਕਨਵੈਂਸ਼ਨ ਦੀ ਪ੍ਰਧਾਨਗੀ ਸੁਰਿੰਦਰ ਸਿੰਘ, ਗੁਰਦੇਵ ਸਿੰਘ ਸਿੱਧੂ ਅਤੇ ਮਹਿੰਦਰ ਸਿੰਘ ਧਾਲੀਵਾਲ ਨੇ ਕੀਤੀ। ਇਸ ਸਮੇਂ ਮੁੱਖ ਬੁਲਾਰੇ ਮਜ਼ਦੂਰਾਂ ਦੇ ਮਸੀਹੇ ਤੇ ਕਾਮਿਆਂ ਦੀ ਬੁਲੰਦ ਆਵਾਜ਼ ਕਾਮਰੇਡ ਮੰਗਤ ਰਾਮ ਪਾਸਲਾ ਵਾਈਸ ਪ੍ਰਧਾਨ ਸੀ.ਟੀ.ਯੂ ਨੇ ਕਿਹਾ ਕਿ ਸਾਡੇ ਦੇਸ਼ ਅੰਦਰ ਰਾਸ਼ਟਰੀ ਮੁਦਰਾ ਕੋਸ ਅਤੇ ਆਲਮੀ ਬੈਂਕਾਂ ਵੱਲੋਂ ਨਿਰਦੇਸ਼ਿਤ ਨੀਤੀਆਂ ਸਦਕਾ ਬੈਂਕ, ਬੀਮਾ, ਰੇਲਵੇ, ਹਵਾਈ ਸੇਵਾਵਾਂ, ਬੀ.ਐਸ.ਐਨ.ਐਲ, ਸਿੱਖਿਆ, ਸਿਹਤ ਟਰਾਂਸਪੋਰਟ, ਪਾਵਰ ਤੇ ਸੁਰੱਖਿਆ ਆਦਿ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਗਰੀਬਾਂ ਨੂੰ ਮਿਲਦੀਆਂ ਸਹੂਲਤਾਂ ਖੋਹ ਕੇ ਧਨਾਢਾ ਨੂੰ ਵੱਖ—ਵੱਖ ਤਰ੍ਹਾਂ ਦੀਆਂ ਸਹੂਲਤਾਂ ਅਤੇ ਟੈਕਸ ਛੋਟਾ ਦੇਣ ਸਦਕਾ ਗਰੀਬ ਹੋਰ ਗਰੀਬ ਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ। ਉਹਨਾਂ ਕਿਹਾ ਕਿ ਕਿਰਤੀਆਂ ਨੂੰ ਰਾਹਤ ਦਿੰਦੇ 40 ਕਿਰਤ ਕਾਨੂੰਨਾਂ ਦੀ ਥਾਂ ਚਾਰ ਕਿਰਤ ਕੋਡ ਬਣਾਏ ਜਾ ਚੁੱਕੇ ਹਨ। ਇਸ ਸਮੇਂ ਨਾਰਦਨ ਰੇਲਵੇ ਮੈਨਸ ਯੂਨੀਅਨ ਦੇ ਡਿਵੀਜ਼ਨ ਸੈਕਟਰੀ ਸ਼ਿਵ ਦੱਤ ਨੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਰੇਲਵੇ ਦਾ ਤੇਜੀ ਨਾਲ ਨਿੱਜੀਕਰਨ ਕਰ ਰਹੀ ਹੈ। ਕਿਰਤੀਆਂ ਤੋਂ ਜਥੇਬੰਦੀਆਂ ਬਣਾਉਣ ਅਤੇ ਹੜਤਾਲ ਕਰਨ ਦਾ ਹੱਕ ਵੀ ਖੋਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਨਵ—ਉਦਾਰ ਨੀਤੀਆਂ ਵਿਰੁੱਧ ਇਕਮੁਠ ਸੰਘਰਸ਼ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੇ ਵੱਖ—ਵੱਖ ਵਿਭਾਗਾ ਵਿੱਚ 12 ਲੱਖ ਤੋਂ ਵੱਧ ਤੇ ਰਾਜ ਸਰਕਾਰਾਂ ਅੰਦਰ ਕਰੀਬ 40 ਲੱਖ ਆਸਮੀਆਂ ਖਾਲੀ ਪਈਆਂ ਹਨ, ਉਹਨਾਂ ਨੂੰ ਭਰਿਆ ਨਹੀਂ ਜਾ ਰਿਹਾ, ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਨਹੀਂ ਕੀਤੀ ਜਾ ਰਹੀ, ਜਿਸ ਨਾਲ ਦਿਨੋ—ਦਿਨ ਬੇਰੁਜਗਾਰੀ ਵੱਧ ਰਹੀ ਹੈ। ਇਸ ਮੌਕੇ ਤੇ ਕਿਸ਼ਨ ਚੰਦ ਜਾਗੋਵਾਲੀਆ ਕਨਵੀਨਰ ਤੇ ਸੁਭਾਸ਼ ਸ਼ਰਮਾ ਕੋ—ਆਰਡੀਨੇਟਰ ਜਨਤਕ ਜਥੇਬੰਦੀਆਂ ਦਾ ਸਾਂਝਾ ਮੋਰਚਾ, ਡਾਕਟਰ ਪ੍ਰਦੀਪ ਰਾਣਾ ਸਲਾਹਕਾਰ ਮਨਰੇਗਾ ਯੂਨੀਅਨ, ਦੇਸ਼ ਰਾਜ ਆਟੋ ਰਿਕਸ਼ਾ ਯੂਨੀਅਨ, ਰਕੇਸ਼ ਸ਼ਰਮਾ ਪਾਵਰਕਾਮ ਪੈਨਸ਼ਨਰ ਯੂਨੀਅਨ, ਬਲਕਾਰ ਸਿੰਘ ਮਾੜੀਮੇਘਾ, ਪੰਜਬ ਪੈਨਸ਼ਨਰਜ਼ ਕਨਫੈਡਰੇਸ਼ਨ, ਪ੍ਰਤਾਪ ਸਿੰਘ ਢਿੱਲੋ ਨਗਰ ਕੌਂਸਲ ਸੀਵਰੇਜ ਬੋਰਡ ਯੂਨੀਅਨ, ਜਸਪਾਲ ਸਿੰਘ ਪੰਜਾਬ ਪੁਲਿਸ ਪੈਨਸ਼ਨਰ ਐਸੋਸੀਏਸ਼ਨ, ਰਜੀਵ ਹਾਡਾ ਗੋਰਮੈਂਟ ਟੀਚਰ ਯੂਨੀਅਨ, ਪ੍ਰਵੀਨ ਕੁਮਾਰ ਤੇ ਰਮੇਸ਼ ਠਾਕੁਰ ਨਾਰਦਨ ਰੇਲਵੇ ਮੈਨਜ ਯੂਨੀਅਨ, ਹਰਸਾਲ ਸਿੰਘ ਜਮਹੂਰੀ ਕਿਸਾਨ ਸਭਾ, ਤਰਲੋਕ ਸਿੰਘ ਪੰਚਾਇਤ ਸਮੰਤੀ ਜਿਲਾ ਪਰਿਸ਼ਦ ਪੈਨਸ਼ਨ ਯੂਨੀਅਨ, ਸਵਿੰਦਰ ਕੌਰ, ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ, ਜਗਤਾਰ ਸਿੰਘ ਤੇ ਪਾਲਾ ਸਿੰਘ ਪੱਲੇਦਾਰ ਵਰਕਰ ਯੂਨੀਅਨ, ਜਸਵਿੰਦਰ ਸਿੰਘ ਪੈਰਾ ਮੈਡੀਕਲ ਯੂਨੀਅਨ, ਜੋਗਾ ਸਿੰਘ ਤੇ ਸੁਖਵਿੰਦਰ ਸਿੰਘ ਵਿਸ਼ਕਰਮਾ ਨਿਰਮਾਣ ਯੂਨੀਅਨ, ਸ਼ਬੇਗ ਸਿੰਘ ਕੋਆਰਡੀਨੇਟਰ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਆਗੂਆਂ ਨੇ ਕਿਹਾ ਕਿ ਨੇ ਕਿਹਾ ਕਿ 16 ਫਰਵਰੀ ਦੀ ਦੇਸ਼ ਵਿਆਪੀ ਹੜਤਾਲ ਵਿੱਚ ਵੱਡੇ ਪੱਧਰ ਤੇ ਸ਼ਾਮਿਲ ਹੋ ਕੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਮੋੜਾ ਦਿੱਤਾ ਜਾ ਸਕੇ। ਇਸ ਮੌਕੇ ਪੰਕਜ ਮਹਿਤਾ, ਜਗਜੀਤ ਸਿੰਘ, ਬਲਬੀਰ ਸਿੰਘ ਕੰਬੋਜ, ਅਨਿਲ ਸੇਠੀ ਤਰਸੇਮ ਲਾਲ ਬੇਦੀ, ਰਮੇਸ਼ ਸ਼ਰਮਾ, ਰਾਜਬੀਰ ਸਿਘ, ਪ੍ਰਮੋਦ ਕੁਮਾਰ, ਗੁਰਪ੍ਰੀਤ ਸਿੰਘ ਜ਼ੀਰਾ, ਮਾ ਬੂਟਾ ਰਾਮ ਅਰਜਨ ਪਾਸੀਂ, ਗੁਰਮੀਤ ਸਿੰਘ ਔਲਖ, ਪੋ: ਕੁਲਦੀਪ ਸਿੰਘ, ਲਕਸਮਿੰਦਰ, ਬਲਵੀਰ ਸਿੰਘ ਗੋਖੀਵਾਲਾ, ਨਿਸ਼ਾਨ ਸਿੰਘ, ਮਾਨਾ ਭੱਟੀ, ਖਜਾਨ ਸਿੰਘ, ਅਜੀਤ ਸਿੰਘ ਸੋਢੀ, ਮੇਹਰ ਸਿੰਘ, ਚੰਦਰ ਮੋਹਨ, ਰਣਬੀਰ ਸਿੰਘ ਕੁਕੂ ਆਦਿ ਹਾਜ਼ਰ ਸਨ।

# ਪਿੰਡ ਗੁਜਰ ਚੰਨੀਆਂ ਵਿਖੇ ਸਤਿਕਾਰਯੋਗ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਦੀ ਮਿੱਠੀ ਯਾਦ ਵਿਚ 39ਵਾਂ ਸਲਾਨਾ ਤਿੰਨ ਦਿਨਾ ਗੁਰਮਤਿ ਸਮਾਗਮ ਦੇ ਦੂਸਰੇ ਦਿਨ ਦੀ ਹਾਜ਼ਰੀ ਵਿਚ ਰਾਤ ਦੇ ਦੀਵਾਨਾਂ ਦੀ ਹਾਜ਼ਰੀ ਬਾਬਾ ਜ਼ੋਰਾ ਸਿੰਘ ਨੇ ਲੁਆਈ



ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :— ਪਿੰਡ ਗੁਜਰ ਚੰਨੀਆਂ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਵਰੋਸਾਏ (ਬਿਧੀ ਚੰਦ ਛੀਨਾ ਗੁਰੂ ਕਾ ਸੀਨਾ) ਜੀ ਦੀ ਅੰਗ ਬੰਸ ਸਤਿਕਾਰਯੋਗ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਦੀ ਮਿੱਠੀ ਯਾਦ ਵਿਚ 39ਵਾਂ ਸਲਾਨਾ ਤਿੰਨ ਦਿਨਾ ਗੁਰਮਤਿ ਸਮਾਗਮ ਸਵਰਗ ਵਾਸੀ ਜਥੇਦਾਰ ਭਾਈ ਲਖਬੀਰ ਸਿੰਘ ਚੰਨੀਆਂ ਸਪੁੱਤਰ ਸਵਰਗਵਾਸੀ ਹਰਦੀਪ ਸਿੰਘ ਜੀ ਦੇ ਗ੍ਰਹਿ ਵਿਖੇ ਜੋ ਕਿ ਸ੍ਰੀਮਾਨ ਪੂਜਨੀਕ ਸੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ 12ਵੇਂ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ ਦੇ ਖਾਸਮ ਖਾਸ ਦੀ ਦੂਸਰੇ ਦਿਨ ਦੀ ਹਾਜ਼ਰੀ ਵਿਚ ਰਾਤ ਦੇ ਦੀਵਾਨਾਂ ਦੀ ਹਾਜ਼ਰੀ ਬਾਬਾ ਜ਼ੋਰਾ ਸਿੰਘ ਜੀ ਕਥਾ ਕੀਰਤਨ ਕਰਦਿਆਂ ਸੰਗਤਾਂ ਨੂੰ ਗੁਰੂ ਨਾਲ ਜੁੜਣ ਦੀ ਅਪੀਲ ਕੀਤੀ। ਇਹ ਗੁਰਮਤਿ ਸਮਾਗਮ 7, 8 ਅਤੇ 9 ਫਰਵਰੀ ਦਿਨ ਬੁੱਧਵਾਰ, ਵੀਰਵਾਰ ਅਤੇ ਸ਼ੁਕਰਵਾਰ ਨੂੰ ਕਰਵਾਏ ਜਾ ਰਹੇ ਹਨ। ਇਸ ਮੌਕੇ ਸ੍ਰੀਮਾਨ ਸੰਤ ਪੂਜਨੀਕ ਸੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ ਛੀਨਾ ਗੁਰੂ ਕਾ ਸੀਨਾ 12ਵੇਂ ਮੁਖੀ ਦਲ ਪੰਥ ਸਮੇਤ ਪਹੁੰਚ ਕੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਥੇ ਇਹ ਦਸਣਯੋਗ ਹੈ ਕਿ ਸਵਰਗਵਾਸੀ ਜਥੇਦਾਰ ਭਾਈ ਲਖਬੀਰ ਸਿੰਘ ਚੰਨੀਆਂ ਜੋ ਕਿ ਸ੍ਰੀਮਾਨ ਪੂਜਨੀਕ ਸੰਤ ਬਾਬਾ ਅਖਤਾਰ ਸਿੰਘ ਜੀ ਸੁਰ ਸਿੰਘ ਵਾਲੇ ਦੇ ਖਾਸਮ ਖਾਸ ਸਨ ਅਤੇ ਹਰ ਕੰਮ ਦੀ ਜਿੰਮੇਵਾਰੀ ਬੜੀ ਸੂਝ ਅਤੇ ਇਮਾਨਦਾਰੀ ਨਾਲ ਸੰਭਾਲਦੇ ਸਨ, ਇਸੇ ਕਰਕੇ ਉਨ੍ਹਾਂ ਦਾ ਸ੍ਰੀਮਾਨ ਪੂਜਨੀਕ ਸੰਤ ਬਾਬਾ ਅਵਤਾਰ ਸਿੰਘ ਜੀ ਸੁਰ ਸਿੰਘ ਵਾਲਿਆਂ ਨਾਲ ਇਨ੍ਹਾਂ ਦਾ ਪ੍ਰੇਮ, ਪਿਆਰ ਬਹੁਤ ਹੈ ਅਤੇ ਸਾਰਾ ਪਰਿਵਾਰ ਹੀ ਸੰਤਾਂ ਦਾ ਰਿਣੀ ਹੈ। ਇਸ ਮੌਕੇ ਤੇ ਭਾਰੀ ਗਿਣਤੀ ਵਿਚ ਸੰਤਾਂ ਮਹਾਂਪੁਰਸ਼ ਪਹੁੰਚ ਰਹੇ ਹਨ। ਇਸ ਮੌਕੇ ਤੇ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲੇ, ਭਾਈ ਹਰਪਿੰਦਰ ਸਿੰਘ ਤੂਤ ਗੁਰਦੁਆਰਾ ਛਪੜੀ ਸਾਹਿਬ, ਸ੍ਰੀਮਾਨ ਸੰਤ ਬਾਬਾ ਹਰਭਜਨ ਸਿੰਘ ਜੀ, ਬਾਬਾ ਸਤਿਨਾਮ ਸਿੰਘ ਜੀ ਡੇਰਾ ਕਾਰ ਸੇਵਾ ਗੁਰਦੁਆਰਾ ਜੰਡ ਸਾਹਿਬ, ਸੰਤ ਬਾਬਾ ਹਰਪ੍ਰੀਤ ਸਿੰਘ, ਸ੍ਰੀਮਾਨ ਸੰਤ ਬਾਬਾ ਸੁੱਚਾ ਸਿੰਘ ਜੀ ਨਾਨਕਸਰ ਛਾਂਗਾ ਖੁਰਦ ਵਾਲੇ ਜੀ ਨਿਰਮਲਾ ਪੰਥ ਗੋਲੇ ਵਾਲਾ, ਬਾਬਾ ਅਮਰਜੀਤ ਸਿੰਘ ਜੀ ਬਲੂਰ ਵਾਲੇ, ਬਾਬਾ ਦਰਸ਼ਨ ਸਿੰਘ ਜੀ ਬੋਰੀ ਵਾਲੇ, ਬਾਬਾ ਸੁਖਜੀਤ ਸਿੰਘ ਫ਼ਿਰੋਜ਼ਪੁਰ ਵਾਲੇ, ਸੰਤ ਬਾਬਾ ਰਾਮ ਸਿੰਘ ਜੀ ਦਮਦਮੀ ਟਕਸਾਲ ਵਾਲੇ, ਬਾਬਾ ਜ਼ੋਰਾ ਸਿੰਘ ਜੀ ਤਲਵੰਡੀ ਵਾਲੇ, ਭਾਈ ਰਛਪਾਲ ਸਿੰਘ ਜੀ ਦਮਦਮੀ ਟਕਸਾਲ ਝੋਕ ਮੋਹੜੇ, ਬਾਬਾ ਦਿਲਬਾਗ ਸਿੰਘ ਆਰਿਫਕੇ ਵਾਲੇ, ਬਾਬਾ ਸਤਨਾਮ ਸਿੰਘ ਵੱਲੀਆਂ, ਬਾਬਾ ਪ੍ਰੀਤਮ ਸਿੰਘ ਜੀ ਝੋਕ ਵਾਲੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਪਰਦਾਵਾਂ ਦੇ ਮਹਾਂਪੁਰਸ਼, ਸੰਤ ਮਹਾਂਪੁਰਸ਼ ਪਹੁੰਚ ਰਹੇ ਹਨ। ਇਸ ਮੌਕੇ ਤੇ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਅਤੇ ਮੁਹਲਾ ਖੇਡਿਆ ਜਾਵੇਗਾ। ਇਸ ਮੌਕੇ ਤੇ ਪਰਮਜੀਤ ਸਿੰਘ, ਭਾਈ ਅਮਰਜੀਤ ਸਿੰਘ, ਭਾਈ ਦਲਵਿੰਦਰ ਸਿੰਘ ਜੀ ਸਪੁੱਤਰ ਸਵਰਗਵਾਸੀ ਜਥੇਦਾਰ ਭਾਈ ਲਖਬੀਰ ਸਿੰਘ ਚੰਨੀਆਂ ਨੇ ਸਮੂਹ ਸੰਗਤਾਂ ਅੱਗੇ ਬੇਨਤੀ ਕੀਤੀ ਕਿ ਉਹ ਭਾਰੀ ਗਿਣਤੀ ਵਿਚ ਪਹੁੰਚ ਕੇ ਆਏ ਹੋਏ ਸੰਤਾਂ ਮਹਾਂਪੁਰਸ਼ਾਂ ਦੇ ਵਿਚਾਰ ਸੁਣ ਕੇ ਆਪਣਾ ਜੀਵਨ ਸਫਲ ਬਣਾਉ। ਇਸ ਮੌਕੇ ਤੇ ਤਿੰਨ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

# ਰਬਾਬੀ ਭਾਈ ਮਰਦਾਨਾ ਯਾਦਗਾਰੀ ਸਮਾਗਮ ਦੇ ਕਾਰਡ ਹੋਏ ਜਾਰੀ



**ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :—** ਰਬਾਬੀ ਭਾਈ ਮਰਦਾਨਾ ਯਾਦਗਾਰੀ ਦਾ ਕਾਰਡ ਅੱਜ ਸੁਸਾਇਟੀ ਦੇ ਚੇਅਰਮੈਨ ਹਰੀਪਾਲ ਸਿੰਘ ਸਰਾਂ ਅਤੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਸੋਹਨ ਸਿੰਘ, ਸਰਬਜੀਤ ਸਿੰਘ ਛਾਬੜਾ, ਜਤਿੰਦਰ ਸਿੰਘ, ਸਵਰਨ ਸਿੰਘ, ਸੋਹਨ ਸਿੰਘ, ਜਗਜੀਤ ਸਿੰਘ ਭੁੱਲਰ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਸ੍ਰੀ ਸਰਾਂ ਵੱਲੋਂ ਸੁਸਾਇਟੀ ਨੂੰ ਹਰ ਸਾਲ ਦੀ ਤਰ੍ਹਾਂ ਇਕ ਲੱਖ ਰੁਪਏ ਦਿੱਤੇ ਗਏ। ਇਸ ਮੌਕੇ ਸ੍ਰੀ ਸਰਾਂ ਅਤੇ ਭੁੱਲਰ ਨੇ ਆਖਿਆ ਕਿ ਸ਼੍ਰੋਮਣੀ ਸੰਗੀਤਕਾਰ ਭਾਈ ਮਰਦਾਨਾ ਜੀ ਅੰਤਰਰਾਸ਼ਟਰੀ ਸਖਸ਼ੀਅਤ ਹੋਏ ਹਨ ਤੇ ਗੁਰੂ ਸਾਹਿਬ ਗੁਰੂ ਨਾਨਕ ਦੇਵ ਜੀ ਨਾਲ 85 ਸਾਲ ਰਹੇ ਅਤੇ ਉਹ ਹਮੇਸ਼ਾ ਹੀ ਭਾਈ ਮਰਦਾਨਾ ਜੀ ਨੂੰ ਆਪਣਾ ਭਰਾ ਸਮਝਦੇ ਸਨ। ਭਾਈ ਮਰਦਾਨਾ ਜੀ ਯਾਦਗਾਰ 9 ਕਰੋੜ ਰੁਪਏ ਖਰਚ ਕਰਕੇ ਗੁਰੂ ਰਾਮ ਦਾਸ ਨਗਰ ਵਿਖੇ ਬਣਾਈ ਗਈ, ਜਿਸ ਦਾ ਆਰੰਭ ਇਸ ਸਾਲ ਹੋਵੇਗਾ।

# ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਤੇ ਸੀਨੀਅਰ ਸਿਟੀਜਨ ਫੋਰਮ ਅਤੇ ਸੀਨੀਅਰ ਸਿਟੀਜਨ ਕੌਂਸਲ ਦੇ ਕ੍ਰਿਸ਼ਨ ਚੰਦਰ ਗਲਹੋਤਰਾ ਜੀ ਦੀ ਅੰਤਿਮ ਅਰਦਾਸ ਅਤੇ ਰਸਮ ਉਠਾਲਾ 9 ਫਰਵਰੀ ਨੂੰ



ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :— ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸੀਨੀਅਰ ਸਿਟੀਜਨ ਫੋਰਮ ਅਤੇ ਸੀਨੀਅਰ ਸਿਟੀਜਨ ਕੌਂਸਲ ਅਤੇ ਹੋਰ ਵੀ ਵੱਖ—ਵੱਖ ਸੁਸਾਇਟੀਆਂ ਦੇ ਸ੍ਰੀ ਕ੍ਰਿਸ਼ਨ ਚੰਦਰ ਗਲਹੋਤਰਾ ਜੋ ਕਿ 6 ਫਰਵਰੀ 2024 ਦਿਨ ਮੰਗਲਵਾਰ ਨੂੰ ਅਕਾਲ ਚਲਾਣਾ ਕਰ ਗਏ ਸੀ, ਉਨ੍ਹਾਂ ਦੇ ਸੰਸਕਾਰ ਮੌਕੇ ਸਟਰੀਮ ਲਾਈਨ ਵੈਲਫੇਅਰ ਸੁਸਾਇਟੀਦੇ ਆਗੂ ਅਤੇ ਮੈਂਬਰ, ਸੀਨੀਅਰ ਸਿਟੀਜਨ ਫੋਰਮ ਦੇ ਆਗੂ ਅਤੇ ਮੈਂਬਰ ਅਤੇ ਸੀਨੀਅਰ ਸਿਟੀਜਨ ਕੌਂਸਲ ਦੇ ਆਗੂ ਅਤੇ ਮੈਂਬਰ ਅਤੇ ਹੋਰ ਜਥੇਬੰਦੀਆਂ ਦੇ ਆਗੂ ਪਹੁੰਚ ਕੇ ਉਨ੍ਹਾਂ ਦੇ ਧਰਮ ਪਤਨੀ ਸ੍ਰੀਮਤੀ ਪੁਸ਼ਪ ਲਤਾ, ਬੇਟੀ ਗੀਤਾ ਜਵਾਈ ਸੰਦੀਪ ਧਵਨ ਨਾਲ ਦੁੱਖ ਪ੍ਰਗਟ ਕੀਤਾ। ਸ੍ਰੀ ਕ੍ਰਿਸ਼ਨ ਚੰਦਰ ਗਲਤਹੋਰਾ 83 ਕੁ ਵਰਿਆਂ ਦੀ ਸੰਸਾਰਿਕ ਯਾਤਰਾ ਕਰਦੇ ਸਦਾ—ਸਦਾ ਲਈ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ, ਉਹ ਆਪਣੇ ਪਿਛੇ ਧਰਮ ਪਤਨੀ ਪੁਸ਼ਪ ਲਤਾ, ਬੇਟੀ ਗੀਤਾ ਛੱਡ ਗਏ ਹਨ। ਸ੍ਰੀ ਕ੍ਰਿਸ਼ਨ ਚੰਦਰ ਗਲਹੋਤਰਾ ਬਹੁਤ ਹੀ ਧਾਰਮਿਕ ਖਿਆਲਾਂ ਦੀ ਸਖਸ਼ੀਅਤ ਸਨ ਅਤੇ ਉਹ ਕਾਫੀ ਸਭਾ ਸੁਸਾਇਟੀਆਂ ਵਿਚ ਰਹਿ ਕੇ ਇਮਾਨਦਾਰੀ ਨਾਲ ਜੀਵਨ ਬਤੀਤ ਕੀਤਾ, ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਰਸਮ ਉਠਾਲਾ ਇਕ ਵਜੇ ਤੋਂ 2 ਵਜੇ ਤੱਕ 9 ਫਰਵਰੀ ਦਿਨ ਸ਼ੁਕਰਵਾਰ ਨੂੰ ਆਨੰਦ ਰਿਕੇਸੀਸ ਅਨਿਲ ਬਾਗੀ ਹਸਪਤਾਲ ਰੋਡ ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਵੇਗੀ। ਇਸ ਮੌਕੇ ਤੇ ਉਨ੍ਹਾਂ ਨੂੰ ਵੱਖ—ਵੱਖ ਸੁਸਾਇਟੀਆਂ ਦੇ ਆਗੂ ਸ਼ਰਧਾਂਜਲੀ ਭੇਂਟ ਕਰਨਗੇ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਆਤਮਾ ਨੂੰ ਸ਼ਾਤੀ ਦੇਵੇ, ਪਿਛੇ ਪਰਿਵਾਰ, ਰਿਸ਼ਤੇਦਾਰਾਂ, ਮਿੱਤਰਾਂ—ਸਨੇਹੀਆਂ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਮੰਗਾਂ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਲਾਇਆ ਧਰਨਾ



**ਫ਼ਿਰੋਜ਼ਪੁਰ, 8 ਫਰਵਰੀ (ਮਨੋਹਰ ਲਾਲ) :—** ਮੁਲਾਜ਼ਮ ਮੰਗਾਂ ਨੂੰ ਲੈ ਕੇ ਸੰਘਰਸ਼ ਕਰਦੀ ਆ ਰਹੀ ਜਥੇਬੰਦੀ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਵੱਲੋਂ ਓ ਅਤੇ ਐਮ ਮੰਡਲ ਫ਼ਿਰੋਜ਼ਪੁਰ ਵਿਖੇ ਮੁਲਾਜ਼ਮ ਸਾਥੀਆਂ ਦੀ ਹਾਜ਼ਰੀ ਵਿਚ ਗੇਟ ਰੈਲੀ ਕੀਤੀ। ਇਸ ਰੋਹ ਮੁਜ਼ਾਹਰੇ ਦੌਰਾਨ ਸੁਖਜਿੰਦਰ ਸਿੰਘ ਵੱਲੋਂ ਸੁਖਪਾਲ ਸਿੰਘ ਸ.ਲ, ਐਸ.ਐਸ.ਏ ਦੀ ਬਦਲੀ ਨੂੰ ਲੈ ਕੇ ਬਿਜਲੀ ਮੁਲਾਜ਼ਮਾਂ ਵੱਲੋਂ ਧਰਨਾ ਦਿੱਤਾ ਗਿਆ, ਜਦੋਂ ਕਿ ਸਟੇਜ਼ ਦੀ ਕਾਰਵਾਈ ਰਾਜੇਸ਼ ਦੱਤਾ ਵੱਲੋਂ ਚਲਾਈ ਗਈ। ਇਸ ਧਰਨੇ ਦੀ ਪ੍ਰਧਾਨਗੀ ਸਰਕਲ ਸਕੱਤਰ ਸੁਖਚੈਨ ਸਿੰਘ ਵੱਲੋਂ ਕੀਤੀ ਗਈ ਅਤੇ ਇਸ ਧਰਨੇ ਵਿਚ ਅਸ਼ਵਨੀ ਕੁਮਾਰ ਸਰਕਲ ਪ੍ਰਧਾਨ ਫ਼ਿਰੋਜ਼ਪੁਰ, ਸਿਟੀ ਮੰਡਲ ਦੇ ਸਕੱਤਰ ਰਾਜੇਸ਼ ਸੈਣੀ ਅਤੇ ਹੋਰ ਸਾਥੀ ਅਮੋਲਕ ਸਿੰਘ, ਰੋਸ਼ਨ ਲਾਲ, ਰਾਮ ਸੁੱਖ, ਤਰਲੋਚਨ ਸਿੰਘ, ਸੁਭਾਸ਼ ਆਦਿ ਸਾਥੀਆਂ ਨੇ ਬੋਲਦੇ ਹੋਏ ਕਿਹਾ ਕਿ ਸੁਖਪਾਲ ਸਿੰਘ ਸ.ਲ ਐਸ.ਐਸ.ਏ ਦੀ ਬਦਲੀ 66ਕੇ.ਵੀ ਜ਼ੀਰਾ ਗੇਟ ਤੋਂ 66 ਕੇ.ਵੀ ਸੁੱਧ ਸਿੰਘ ਵਾਲਾ ਵਿਖੇ ਕੀਤੀ ਗਈ, ਜ਼ੋ ਕਿ ਇਸ ਕਰਮਚਾਰੀ ਦਾ ਪੱਕੇ ਤੌਰ ਤੇ ਆਰਡਰ 66ਕੇ.ਵੀ ਅਟਾਰੀ ਵਿਖੇ ਹਨ, ਕਰਮਚਾਰੀ ਜ਼ੋ ਕਿ 66ਕੇ.ਵੀ ਜ਼ੀਰਾ ਗੇਟ ਵਿਖੇ ਤੈਨਾਤ ਹੈ, ਕਰਮਚਾਰੀ ਵੱਲੋਂ ਐਕਸੀਅਨ ਓ ਅਤੇ ਐਮ ਮੰਡਲ ਫ਼ਿਰੋਜ਼ਪੁਰ ਵਿਖੇ 66ਕੇ.ਵੀ ਜ਼ੀਰਾ ਗੇਟ ਤੋਂ 66ਕੇ.ਵੀ ਅਟਾਰੀ ਵਿਖੇ ਕਰਨ ਲਈ ਬੇਨਤੀ ਪੱਤਰ ਦਿੱਤਾ ਸੀ, ਪਰ ਜਾਣਬੁਝ ਕੇ ਐਸ.ਐਸ.ਈ ਜ਼ੀਰਾ ਗੇਟ ਵੱਲੋਂ ਸੁਖਪਾਲ ਸਿੰਘ ਦੀ ਖੱਜਲ ਖੁਆਰੀ ਕੀਤੀ ਜਾ ਰਹੀ ਹੈ, ਜ਼ੋ ਕਿ ਪਹਿਲਾਂ ਵੀ ਇਸ ਦੇ ਆਰਡਰ ਕਈ ਵਾਰ ਵੱਖ—ਵੱਖ ਸਟੇਸ਼ਨਾਂ ਤੇ ਕੀਤੇ ਗਏ ਸੀ। ਇਸ ਕਰਮਚਾਰੀ ਨੂੰ ਇਸ ਦੇ ਬਣਦੇ ਪੱਕੇ ਆਰਡਰ 66ਕੇ.ਵੀ ਅਟਾਰੀ ਵਿਖੇ ਲਗਾਇਆ ਜਾਵੇ, ਜੇਕਰ ਇਸ ਕਰਮਚਾਰੀ ਦੇ ਆਰਡਰ ਪੱਕੇ ਆਰਡਰਾਂ 66ਕੇ.ਵੀ ਸਬ ਸਟੇਸ਼ਨ ਅਟਾਰੀ ਨਾ ਕੀਤੇ ਗਏ ਤਾਂ ਜਥੇਬੰਦੀ ਵੱਲੋਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ ਅਤੇ ਇਸ ਦੇ ਨਿਕਲਣ ਵਾਲੇ ਗੰਭੀਰ ਸਿਟੀਆਂ ਦੀ ਜਿੰਮੇਵਾਰੀ ਵਧੀਕ ਨਿਗਰਾਨ ਇੰਜੀਨੀਅਰ ਓ ਅਤੇ ਐਮ ਮੰਡਲ ਫ਼ਿਰੋਜ਼ਪੁਰ ਅਤੇ ਐਸ.ਐਸ.ਈ ਜ਼ੀਰਾ ਗੇਟ ਦੀ ਹੋਵੇਗੀ ਅਤੇ ਆਗੂ ਸਾਥੀਆਂ ਜ਼ੋ ਕਿ ਸੀ.ਆਰ.ਏ 295/19 ਦੇ ਤਹਿਤ ਭਰਤੀ ਹੋਏ ਮੁਲਾਜ਼ਮਾਂ ਦੀ ਪਾਵਰਕਾਮ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੂੰ ਮੰਗ ਕੀਤੀ ਹੈ ਕਿ ਇਨ੍ਹਾਂ ਦੀ ਪੂਰੀ ਤਨਖਾਹ ਜਾਰੀ ਕੀਤੀ ਜਾਵੇ, ਕਿਉਂਕਿ ਇਨ੍ਹਾਂ ਕਰਮਚਾਰੀਆਂ ਦਾ ਪ੍ਰੋਬੇਸ਼ਨ ਪੀਰੀਅਲ ਪੂਰਾ ਹੋ ਚੁੱਕਾ ਹੈ। ਇਸ ਧਰਨੇ ਵਿਚ ਪ੍ਰਦੀਪ ਕੁਮਾਰ, ਤਰੁਨ ਟੰਡਣ, ਦਿਲਬਾਗ ਸਿੰਘ, ਅਵਤਾਰ ਸਿੰਘ, ਬਲਬੀਰ ਸਿੰਘ, ਬਲਵੰਤ ਸਿੰਘ, ਪ੍ਰਤਾਪ ਸਿੰਘ, ਜਗੀਰ ਸਿੰਘ ਵੀ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸ਼੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਚੂੰਘ ਵਿੱਚ ਭਾਰਤੀ ਥਲ ਸੈਨਾ ਵੱਲੋਂ

# ਬੱਚਿਆਂ ਦੇ ਵਿੱਚ ਭਾਰਤੀ ਸੈਨਾ ਦੇ ਪ੍ਰਤੀ ਜਾਗਰੂਕਤਾ ਲਿਆਉਣ ਲਈ ਕੈਂਪ ਲਗਾਇਆ



**ਚੌਕ ਮਹਿਤਾ, 8 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੇ ਨਾਮਵਰ ਸਕੂਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ ਚੂੰਗ ਵਿੱਚ ਭਾਰਤੀ ਸੈਨਾ ਦੇ ਪ੍ਰਤੀ ਜਾਗਰੂਕਤਾ ਲਿਆਉਣ ਲਈ ਇੱਕ ਵਿਸੇਸ ਕੈਪ ਲਗਾਇਆ ਗਿਆ ਜਿਸ ਦੀ ਅਗਵਾਈ ਆਰਮੀ ਰੇਕਰੂਟਮੇਂਟ ਆਫਿਸ ਵੱਲੋਂ ਆਏ ਹੋਏ 9 ਗੁਰਖਾ ਰੈਜੀਮੈਂਟ ਦੇ ਕੈਪਟਨ ਚੇਤਨ ਪਾਂਡੇ ਅਤੇ ਉਹਨਾਂ ਨਾਲ ਆਏ ਹੋਏ ਸਟਾਫ ਨੇ ਕੀਤੀ। ਓਹਨਾਂ ਨੇ ਆਪਣੀ ਰੈਜੀਮੈਂਟ, ਫੌਜ ਦੇ ਇਤਿਹਾਸ ਅਤੇ ਓਹਨਾਂ ਦੀ ਰੈਜੀਮੈਂਟ ਦੇ ਜੰਗੀ ਇਤਿਹਾਸ ਬਾਰੇ ਵਿਦਿਆਥੀਆਂ ਨੂੰ ਜਾਣੂ ਕਰਵਾਇਆ। ਇਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਸਿਹਤ ਨੂੰ ਵੀ ਤਰਜੀਹ ਦੇਣ ਲਈ ਕਿਹਾ। ਉਹਨਾਂ ਨੇ ਦੱਸਿਆ ਕਿ ਕਿਵੇਂ ਅਸੀਂ ਆਪਣੇ ਸਮੇਂ ਦੀ ਵੰਡ ਕਰ ਸਕਦੇ ਹਾਂ ਜਿਸ ਦੇ ਨਾਲ ਅਸੀਂ ਪੜ੍ਹਾਈ ਵੀ ਕਰ ਸਕਦੇ ਹਾਂ ਅਤੇ ਸਿਹਤ ਵੱਲ ਧਿਆਨ ਦੇ ਕੇ ਖੇਡਾਂ ਵਿੱਚ ਭਾਗ ਲੈ ਕੇ ਆਪਣੇ ਆਪ ਨੂੰ ਤੰਦਰੁਸਤ ਰੱਖ ਸਕਦੇ ਹਾਂ। ਉਹਨਾਂ ਵੱਲੋਂ ਬੱਚਿਆਂ ਨੂੰ ਆਪਣੀ ਪੜ੍ਹਾਈ ਅਤੇ ਆਪਣੀ ਸਿਹਤ ਦੇ ਪ੍ਰਤੀ ਪ੍ਰਸ਼ਨ ਵੀ ਕੀਤੇ ਗਏ ਜਿਸ ਦਾ ਕਿ ਬੱਚਿਆਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਜਵਾਬ ਦਿੱਤਾ। ਅਖੀਰ ਉਹਨਾਂ ਨੇ ਸੈਨਾ ਵਿੱਚ ਭਰਤੀ ਕਰਨ ਲਈ ਚਲਾਈ ਗਈ ਅਗਨੀ ਵੀਰ ਦੀ ਸਕੀਮ ਜਿਸ ਵਿੱਚ ਕਿ ਸਾਢੇ 17 ਸਾਲ ਦੀ ਉਮਰ ਤੋਂ ਬਾਅਦ ਵਿਦਿਆਰਥੀ +2 ਕਰਕੇ 21 ਸਾਲ ਦੀ ਉਮਰ ਤੱਕ ਅਗਨੀਵੀਰ ਦੇ ਤੌਰ ਤੇ ਭਰਤੀ ਹੋ ਸਕਦਾ ਹੈ ਇਸ ਤੋਂ ਇਲਾਵਾ ਉਹਨਾਂ ਨੇ ਐਨ.ਡੀ.ਏ ਜਾਂ ਫਿਰ ਆਈ.ਐਮ.ਏ ਦੇ ਰਸਤੇ ਫੌਜ ਵਿੱਚ ਜਾਣ ਦੇ ਤਰੀਕੇ ਬੱਚਿਆਂ ਨੂੰ ਬੜੇ ਸੀ ਸੁਚੱਜੇ ਢੰਗ ਨਾਲ ਸਮਝਾਏ। ਇਸ ਮੌਕੇ ਜਿਹੜੇ ਵਿਦਿਆਰਥੀ ਫੌਜ ਵਿੱਚ ਜਾਣ ਦੇ ਚਾਹਵਾਨ ਸਨ ਉਹਨਾਂ ਨੂੰ ਹੋਰ ਪ੍ਰੋਤਸਾਹਿਤ ਕਰਨ ਲਈ ਓਹਨਾਂ ਵੱਲੋਂ ਫੌਜੀ ਭਰਤੀ ਨਾਲ ਸੰਬੰਧਿਤ ਕਾਗਜ਼ਾਤ ਵੀ ਦਿੱਤੇ। ਅਖੀਰ ਡਾਇਰੈਕਟਰ ਤੇਜਬੀਰ ਸਿੰਘ ਸੋਹਲ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਬਾਹਰ ਜਾਣ ਦੀ ਬਜਾਏ ਭਾਰਤ ਵਿੱਚ ਵੀ ਬਹੁਤ ਸਾਰੇ ਵਿਕਲਪ ਹਨ ਬਸ ਤੁਹਾਨੂੰ ਮਿਹਨਤ ਕਰਕੇ ਉਹ ਵਿਕਲਪ ਲੱਭਣ ਦੀ ਲੋੜ ਹੈ। ਓਹਨਾਂ ਨੇ ਕੈਪਟਨ ਚੇਤਨ ਪਾਂਡੇ ਅਤੇ ਓਹਨਾਂ ਦੇ ਸਟਾਫ ਦਾ ਧੰਨਵਾਦ ਕੀਤਾ ਅਤੇ ਓਹਨਾਂ ਵੱਲੋਂ ਵਿੱਢੀ ਗਈ ਇਸ ਪਹਿਲਕਦਮੀ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਪ੍ਰਿੰਸੀਪਲ ਮੰਤੇਸ਼ ਕੁਮਾਰ, ਜਸਪ੍ਰੀਤ ਕੌਰ ਸੋਹਲ, ਰੁਪਿੰਦਰਜੀਤ ਕੌਰ, ਲਵਪ੍ਰੀਤ ਕੌਰ, ਨਵਨੀਤ ਕੌਰ ਅਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

# ਮੈਂ ਤੰਦਰੁਸਤ ਕਿਵੇਂ ਹੋਇਆ ? ਕਿਸ਼ਤ - 16



ਸ਼ਿੰਗਾਰਾ ਸਿੰਘ ਢਿੱਲੋਂ

"ਬਿਮਾਰੀ ਸਰੀਰ ਨੂੰ ਕਦੇ ਵੀ ਲੱਗ ਸਕਦੀ ਹੈ ਲੱਗ ਸਕਦੀ ਹੈ", ਇਹ ਗੱਲ ਬਿਲਕੁਲ ਵੀ ਸਹੀ ਨਹੀ, ਇਕ ਅਧੂਰਾ ਸੱਚ ਹੈ ਤੇ ਅਧੂਰਾ ਸੱਚ ਹਮੇਸ਼ਾ ਹੀ, ਝੂਠ ਨਾਲੋਂ ਵੀ ਵੱਧ ਖਤਰਨਾਕ ਹੁੰਦਾ ਹੈ। ਉਕਤ ਫਿਕਰਾ ਅੱਧਾ ਹੈ ਜੇਕਰ ਇਸ ਨੂੰ ਪੂਰਾ ਕਰੀਏ ਤਾਂ ਸੱਚ ਸਾਫ ਅਤੇ ਸ਼ਪੱਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ, ਪੂਰਾ ਫਿਕਰਾ ਇਹ ਹੈ ਕਿ, " ਬਿਮਾਰੀ ਸਰੀਰ ਨੂੰ ਕਦੇ ਵੀ ਲੱਗ ਸਕਦੀ ਹੈ ਜੇਕਰ ਅਸੀਂ ਆਪਣੇ ਸਰੀਰ ਦੀ ਸਾਂਭ ਸੰਭ੍ਹਾਲ ਨਹੀਂ ਕਰਦੇ।" ਦੂਜੇ ਸ਼ਬਦਾਂ ਵਿਚ ਆਪਣੀ ਸਿਹਤ ਪ੍ਰਤੀ ਵਰਤੀ ਗਈ ਲਾਪਰਵਾਹੀ ਬਿਮਾਰੀ ਨੂੰ ਸੱਦਾ ਦੇਣਾ ਹੈ। ਆਪਣੀ ਰੋਜਾਨਾ ਦੀ ਜਿੰਦਗੀ ਵਿਚ ਅਸੀਂ ਬਹੁਤ ਸਾਰੀਆਂ ਕਿਰਿਆਵਾਂ ਕਰਦੇ ਹਾਂ। ਉਹਨਾਂ ਵਿਚੋਂ ਕੁੱਝ ਕਿਰਿਆਵਾਂ ਨੂੰ ਅਸੀਂ ਆਪਣੀ ਜਿੰਦਗੀ ਦਾ ਅਹਿਮ ਅਤੇ ਅਨਿੱਖੜ ਅੰਗ ਬਣਾ ਲੈਂਦੇ ਹਾਂ। ਸਾਡੀ ਜਿੰਦਗੀ ਵਿਚ ਇਸ ਤਰਾਂ ਦੀਆਂ ਅਨਿੱਖੜ ਬਣ ਚੁੱਕੀਆਂ ਕਿਰਿਆਵਾਂ ਨੂੰ "ਪੱਕ ਚੁੱਕੀਆਂ ਆਦਤਾਂ" ਦਾ ਨਾਮ ਵੀ ਦੇ ਦਿੱਤਾ ਜਾਂਦਾ ਹੈ। ਪੱਕ ਚੁੱਕੀ ਆਦਤ ਦਰਅਸਲ ਉਹ ਮੁਹਾਵਰਾ ਹੁੰਦੀ ਹੈ ਜਿਸ ਨੂੰ ਕੋਈ ਵਿਅਕਤੀ ਵਾਰ ਵਾਰ ਦੁਹਰਾਉਂਦਾ ਹੈ। ਪੰਜਾਬੀ ਦਾ ਸ਼ਰਿਮਣੀ ਕਿੱਸਾਕਾਰ ਵਾਰਿਸ ਸ਼ਾਹ ਇਸ ਸੰਬੰਧੀ ਆਪਣੇ ਕਿੱਸੇ "ਹੀਰ ਰਾਂਝਾ" ਵਿੱਚ ਬਿਆਨ ਕਰਦਾ ਹੈ ਕਿ "ਵਾਰਿਸ ਸ਼ਾਹ ਨਾ ਆਦਤਾਂ ਨਾ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ।" ਸਿੱਧੇ ਸ਼ਬਦਾਂ ਵਿਚ ਜਦੋਂ ਕੋਈ ਕਿਰਿਆ ਕਿਸੇ ਵਿਅਕਤੀ ਦੇ ਸੁਭਾਅ ਵਿਚ ਪੂਰੀ ਤਰਾਂ ਰਚਮਿਚ ਜਾਏ ਤਾਂ ਉਹ ਉਸ ਦੀ ਆਦਤ ਬਣ ਜਾਂਦੀ ਹੈ ਜਾਂ ਸੁਭਾਅ ਬਣ ਜਾਂਦੀ ਹੈ। ਉਹ ਆਦਤ ਚੰਗੀ ਹੈ ਜਾਂ ਬੁਰੀ ਹੈ, ਇਸਦੇ ਮੁਤਾਬਿਕ ਹੀ ਸੰਬੰਧਿਤ ਵਿਅਕਤੀ ਦੀ ਸਿਹਤ ਉੱਤੇ ਉਸ ਦਾ ਅਸਰ ਪੈਂਦਾ ਹੈ, ਉਸ ਦਾ ਵਿਵਹਾਰ ਪ੍ਰਭਾਵਤ ਹੁੰਦਾ ਹੈ, ਉਸ ਦਾ ਪਹਿਨ ਪਹਿਰਾਵਾ ਹੁੰਦਾ ਹੈ। ਇਸ ਨੁਕਤੇ ਨੂੰ ਹੋਰ ਸ਼ਪੱਸ਼ਟ ਕਰਨ ਵਾਸਤੇ ਇਥੇ ਇਕ ਉਦਾਹਰਣ ਦੇਣੀ ਜਰੂਰੀ ਹੈ ਕੁੱਝ ਦਿਨ ਹੋ ਗਏ ਇਕ ਸੱਜਣ ਦਾ ਸਿਹਤ ਦੀ ਤੰਦਰੁਸਤੀ ਨਾਲ ਸੰਬੰਧਿਤ ਮੇਰੀ ਇਸ ਲੇਖ ਲੜੀ ਨੂੰ ਪੜ੍ਹਕੇ ਫੋਨ ਆਇਆ ਤੇ ਉਸ ਨੇ ਸਵਾਲ ਕੀਤਾ ਕਿ "ਕੀ ਸ਼ਰਾਬ ਸਿਹਤ ਲਈ ਹਾਨੀਕਾਰਕ ਹੁੰਦੀ ਹੈ ?" ਜਵਾਬ ਵਜੋਂ ਮੈਂ ਉਸ ਨੂੰ ਦੱਸਿਆ ਕਿ ਜੇਕਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਤੁਹਾਨੂੰ ਇਹ ਸਵਾਲ ਮੈਨੂੰ ਪੁੱਛਣ ਦੀ ਲੋੜ ਹੀ ਨਹੀਂ ਕਿਉਂਕਿ ਬੋਤਲ ਦੇ ਉੱਤੇ ਲਿਖਿਆ ਹੋਇਆ ਹੁੰਦਾ ਹੈ ਕਿ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ। ਜੇਕਰ ਤੁਸੀਂ ਸ਼ਰਾਬ ਨਹੀਂ ਪੀਂਦੇ ਤਾਂ ਸ਼ਰਾਬ ਸੰਬੰਧੀ ਤੁਹਾਡੀ ਜਾਣਕਾਰੀ ਵਿਚ ਵਾਧਾ ਕਰਨ ਲਈ ਮੈਂ ਤੁਹਾਨੂੰ ਦੱਸਣਾ ਚਾਹਾਂਗਾ ਕਿ ਸ਼ਰਾਬ ਹੋਵੇ ਜਾਂ ਕੋਈ ਵੀ ਹੋਰ ਚੀਜ ਵਸਤ, ਜਿੰਨਾਂ ਚਿਰ ਉਸ ਦੀ ਵਰਤੋਂ ਕਿਸੇ ਸੀਮਾ ਵਿਚ ਬੱਝਕੇ ਕਰਦੇ ਹਾਂ, ਉਹ ਸਿਹਤ ਵਾਸਤੇ ਹਾਨੀਕਾਰਕ ਨਹੀਂ ਹੁੰਦੀ, ਪਰ ਜਦੋਂ ਸਾਨੂੰ ਕਿਸੇ ਚੀਜ ਦੀ ਲਤ ਲੱਗ ਜਾਂਦੀ ਹੈ, ਅਸੀਂ ਉਸਦੇ ਆਦੀ ਹੋ ਜਾਂਦੇ ਹਾਂ, ਉਸ ਦਾ ਸੇਵਨ ਕੀਤੇ ਬਿਨਾਂ ਨਹੀ ਰਹਿ ਸਕਦੇ ਜਾਂ ਉਹ ਸਾਡੀ ਆਦਤ ਬਣ ਜਾਂਦੀ ਹੈ ਤਾਂ ਉਹ ਚੀਜ ਸਾਡੀ ਸਿਹਤ ਵਾਸਤੇ ਬੁਰੀ ਬਣ ਜਾਂਦੀ ਹੈ। ਸੋ ਸ਼ਰਾਬ ਮਾੜੀ ਨਹੀਂ ਸ਼ਰਾਬਨੋਸ਼ੀ ਮਾੜੀ ਹੈ, ਖੰਡ ਮਾੜੀ ਨਹੀਂ, ਇਸ ਦੀ ਲਤ ਲੱਗ ਜਾਵੇ ਤਾਂ ਉਹ ਮਾੜੀ ਹੈ। ਹਰ ਕੋਈ ਆਪਣੇ ਜੀਵਨ ਨੂੰ ਅਰਾਮਦਾਇਕ ਬਣਾਉਣਾ ਲੋੜਦਾ ਹੈ ਜੋ ਕਿ ਬਹੁਤ ਚੰਗੀ ਗੱਲ ਹੈ, ਪਰ ਏਨਾ ਜਿਆਦਾ ਅਰਾਮਦਾਇਕ ਬਣਾਉਣਾ ਕਿ ਉਹ ਸਾਡਾ ਇਕ ਤਰਾਂ ਨਾਲ ਕੰਫਰਟ ਜੋਨ ਬਣ ਜਾਵੇ ਤੇ ਅਸੀਂ ਬਹੁਤ ਜਿਆਦਾ ਸੁੱਖ ਰਹਿਣੇ ਬਣ ਜਾਈਏ ਤਾਂ ਇਸ ਤਰਾਂ ਦਾ ਜੀਵਨ ਕਦੇ ਵੀ ਬਿਮਾਰੀਆਂ ਤੋਂ ਰਹਿਤ ਨਹੀ ਹੋਵੇਗਾ। ਸਾਡੇ ਇਸ ਤਰਾਂ ਦੇ ਰਹਿਣ ਸਹਿਣ ਕਾਰਨ ਸਾਡੇ ਸਰੀਰ ਨੂੰ ਜੰਗਾਲ ਲੱਗ ਜਾਵੇਗਾ, ਮਾਸ ਪੇਸ਼ੀਆ ਨਿਸਲ ਹੋ ਕੇ ਸ਼ਰਿਕ ਹੋ ਜਾਣਗੀਆਂ, ਦਲਿੱਦਰੀ ਜਿੰਦਗੀ ਕਾਰਨ ਸਰੀਰ ਬੇਢੱਬਾ ਹੋ ਜਾਵੇਗਾ, ਚਰਬੀ ਵਧਣ ਕਾਰਨ ਸਰੀਰ ਉੱਤੇ ਮਾਸ ਦੀ ਤਹਿ ਮੋਟੀ ਹੁੰਦੀ ਜਾਵੇਗੀ ਜਿਸ ਕਰਕੇ ਸੁਹੱਪਣ ਵੀ ਜਾਂਦਾ ਰਹੇਗਾ ਤੇ ਤੰਦਰੁਸਤੀ ਵੀ। ਸੋ ਚੰਗੀਆਂ ਆਦਤਾਂ ਚੰਗੇ ਅਤੇ ਦੂਰਗਾਮੀ ਨਤੀਜੇ ਪੇਸ਼ ਕਰਦੀਆਂ ਹਨ। ਆਪਣੀ ਤੰਦਰੁਸਤੀ ਵਾਸਤੇ ਸੁੱਖ ਰਹਿਣੀ ਜਿੰਦਗੀ ਨਾਲ ਕਦੇ ਵੀ ਸਮਝੌਤਾ ਨਾ ਕਰੋ। ਹਮੇਸ਼ਾ ਆਪਣੇ ਆਪ ਨੂੰ ਐਕਟਿਵ ਰੱਖੋ। ਆਪਣੇ ਆਪ ਨੂੰ ਰੂਹਦਾਰੀ ਦੀ ਮੁਹੱਬਤ ਕਰੋ। ਚੰਗਾ ਖਾਓ, ਪੀਓ ਤੇ ਬੇਫਿਕਰੀ ਵਾਲਾ ਅਰਾਮ ਕਰੋ। ਜਿੰਦਗੀ ਵਿਚ ਸੁਆਦਾਂ ਦੇ ਗੁਲਾਮ ਹੋਣ ਦੀ ਬਜਾਏ ਤੰਦਰੁਸਤੀ ਦੇ ਬਾਦਸ਼ਾਹ ਬਣੋ। ਮੇਰੇ ਕਹਿਣ ਦਾ ਮਤਲਬ ਕਦਾਚਿਤ ਵੀ ਇਹ ਨਹੀਂ ਕਿ ਸੁਆਦ, ਰੰਗ ਤੇ ਰਸ ਨਾ ਮਾਣੋ। ਇਹ ਵੀ ਸਾਡੀ ਜਿੰਦਗੀ ਦਾ ਅਹਿਮ ਹਿੱਸਾ ਹਨ, ਇਹਨਾਂ ਤੋਂ ਬਿਨਾਂ ਸਾਡੀ ਦਿੰਦਗੀ ਨੀਰਸ ਅਤੇ ਬੋਝਲ ਬਣ ਜਾਵੇਗੀ, ਪਰ ਧਿਆਨ ਰੱਖੋ ਕਿ ਇਹਨਾਂ ਨੂੰ ਆਪਣੇ ਉੱਪਰ ਏਨਾ ਕੁ ਹਾਵੀ ਕਦੇ ਵੀ ਨਾ ਹੋਣ ਦਿਓ ਕਿ ਬਾਅਦ ਵਿਚ ਇਹ ਮਹਿਸੂਸ ਹੋਣ ਲੱਗ ਪਵੇ ਕਿ ਅਸੀਂ ਹੁਣ ਇਹਨਾਂ ਤੋਂ ਬਿਨਾ ਤਾਂ ਰਹਿ ਹੀ ਨਹੀ ਸਕਦੇ ਭਾਵ ਸਾਡੀ ਜਿੰਦਗੀ ਕਦਾਚਿਤ ਵੀ ਸੁਆਦਾਂ ਦੇ ਗੁਲਾਮ ਨਹੀਂ ਹੋਣੀ ਚਾਹੀਦੀ। ਸਿਰੇ ਦੀ ਗੱਲ ਇਹ ਹੈ ਕਿ ਆਦਤ, ਜੀਭ ਦੇ ਸੁਆਦ, ਸਰੀਰਕ ਸੁੱਖ ਜਾਂ ਫਿਰ ਬਿਮਾਰੀ ਤੋਂ ਰਾਹਤ ਮਹਿਸੂਸ ਕਰਨ ਲਈ ਦਵਾਈ ਆਦਿ ਨੂੰ ਖਾਣ ਦੀ ਕੋਈ ਵੀ ਹੋਵੇ, ਲਾਉਣੀ ਸੌਖੀ ਹੈ, ਪਰ ਬਾਅਦ ਵਿਚ ਉਸ ਤੋਂ ਛੁਟਕਾਰਾ ਪਾਉਣਾ ਬਹੁਤ ਔਖਾ ਤੇ ਬਿਖੜਾ ਕਾਰਜ ਹੁੰਦਾ ਹੈ। ਸੋ ਲੰਮੀ ਤੇ ਸਿਹਤਮੰਦ ਜਿੰਦਗੀ ਜਿਊਣ ਵਾਸਤੇ ਹਮੇਸ਼ਾ ਹੀ ਚੰਗੀਆਂ ਆਦਤਾਂ ਪਾਓ, ਚੰਗਾ ਸੋਚੋ ਤੇ ਚੰਗੇ ਵਿਚਾਰ ਰੱਖੋ, ਚੰਗੀ ਅਤੇ ਸਿਹਤਮੰਦ ਸੋਚ ਵਾਲੇ ਦੋਸਤਾਂ ਦਾ ਸੰਗ ਮਾਣੋ, ਆਪਣਾ ਵੱਧ ਤੋਂ ਵੱਧ ਖਿਆਲ ਰੱਖੋ ਤੇ ਵਧੀਆ ਜਿੰਦਗੀ ਜੀਓ। (**ਚਲਦਾ**)

# ਵੈਕਸਿਨ ਪ੍ਰੀਵਿਨਟੇਬਲ ਬੀਮਾਰੀਆਂ ਅਤੇ ਰੁਟੀਨ ਇਮੁਨਾਈਜੇਸ਼ਨ ਸੰਬਧੀ ਜਿਲਾ ਪੱਧਰੀ ਟ੍ਰੇਨਿੰਗ ਦਾ ਕੀਤਾ ਆਯੋਜਨ



**ਚੌਕ ਮਹਿਤਾ, 8 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਤਰਨਤਾਰਨ ਡਾ ਕਮਲਪਾਲ ਜੀ ਦੇ ਦਿਸ਼ਾ-ਨਿਰਦੇਸ਼ਾਂ ਹੇਠਾਂ ਵੈਕਸਿਨ ਪ੍ਰੀਨਟੇਬਲ ਬੀਮਾਰੀਆਂ ਅਤੇ ਰੁਟੀਨ ਇਮੁਨਾਈਜੇਸ਼ਨ ਸੰਬਧੀ ਜਿਲਾ੍ਹ ਪੱਧਰੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜਿਲਾ੍ਹ ਟੀਕਾਕਰਣ ਅਫਸਰ ਡਾ ਵਰਿੰਦਰ ਕੌਰ ਨੇ ਕਿਹਾ ਕਿ ਡਬਯੂ.ਐਚ.ਓ. ਵਲੋਂ 12 ਅਜਿਹੀਆਂ ਮਾਰੂ ਬੀਮਾਰੀਆਂ ਹਨ ਜਿਨ੍ਹਾਂ ਤੋਂ ਅਸੀਂ ਵੈਕਸਿਨ ਰਾਹੀਂ ਆਪਣੇ ਬੱਚਿਆਂ ਨੂੰ ਸੁਰੱਖਿਅਤ ਕਰ ਸਕਦੇ ਹਾਂ, ਇਹਨਾਂ ਬੀਮਾਰੀਆਂ ਵਿਚ ਪੋਲੀਓ, ਹੈਪਾਟਾਇਟਸ, ਟੀ.ਬੀ., ਟੈਟਨਸ, ਗਲਘੋਟੂ, ਕਾਲੀ ਖਾਂਸੀ, ਰੋਟਾ ਵਾਇਰਸ, ਹਿਬ, ਇਨਫਲੈਂਜਾ, ਨਿਮੋਨੀਆਂ, ਮੀਜਲ ਅਤੇ ਰੁਬੈਲਾ ਸ਼ਾਮਿਲ ਹਨ। ਉਹਨਾਂ ਕਿਹਾ ਕਿ ਸਿਹਤ ਵਿਭਾਗ ਵਲੋਂ ਰੁਟੀਨ ਟੀਕਾਕਰਣ ਰਾਹੀਂ ਇਹਨਾਂ 12 ਮਾਰੂ ਬੀਮਾਰੀਆਂ ਤੋਂ ਬੱਚਿਆਂ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ। ਇਸ ਲਈ ਸਾਰੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਮੁਕੰਮਲ ਟੀਕਾਕਰਣ ਕਰਵਾ ਕੇ ਇਹਨਾਂ ਮਾਰੂ ਬੀਮਾਰੀਆਂ ਤੋਂ ਹਮੇਸ਼ਾਂ ਲਈ ਸੁਰੱਖਿਅਤ ਕਰਨ। ਇਸਦੇ ਨਾਲ ਹੀ ਯੂ ਵਿਨ ਐਪ ਤੇ ਬੱਚਿਆਂ ਦੇ ਟੀਕਾਕਰਣ (ਵੈਕਸੀਨੇਸ਼ਨ) ਦਾ ਸਾਰਾ ਡਾਟਾ ਅੱਪ ਲੋਡ ਕੀਤਾ ਜਾਂਦਾ ਹੈ, ਜਿਸ ਨਾਲ ਹਰੇਕ ਬੱਚੇ ਟੀਕਾਕਰਣ ਦਾ ਰਿਕਾਰਡ ਕਿਸੇ ਵੀ ਜਗਾ੍ਹ ਤੇ ਇੰਟਰਨੈਟ ਦੀ ਮਦਦ ਨਾਲ ਹਾਸਿਲ ਕੀਤਾ ਜਾ ਸਕਦਾ ਹੈ। ਇਸ ਅਵਸਰ ਤੇ ਵਿਸ਼ਵ ਸਿਹਤ ਸੰਸਥਾ ਵਲੋਂ ਡਾ ਇਸ਼ਿਤਾ ਵਲੋਂ ਵੈਕਸਿਨ ਪ੍ਰੀਵੇਂਟੇਬਲ ਬੀਮਾਰੀਆਂ, ਰੁਟੀਨ ਇਮੁਨਾਈਜੇਸ਼ਨ ਅਤੇ ਰੋਟਾ ਵਾਇਰਸ ਡੋਜ ਆਦਿ ਬਾਰੇ ਬੜੇ ਵਿਸ਼ਥਾਰ ਨਾਲ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਤੇ ਜਿਲਾ੍ਹ ਪਰਿਵਾਰ ਭਲਾਈ ਅਫਸਰ ਡਾ ਆਸ਼ੀਸ਼ ਗੁਪਤਾ, ਡਾ ਅਮਨਦੀਪ ਸਿੰਘ, ਜਿਲਾ੍ਹ ਐਮ.ਈ.ਆਈ.ਓ. ਅਮਰਦੀਪ ਸਿੰਘ, ਸਮੂਹ ਸੀਨੀਅਰ ਮੈਡੀਕਲ ਅਫਸਰ, ਬਲਾਕ ਨੋਡਲ ਅਫਸਰ, ਬੀ.ਈ.ਈ., ਐਲ.ਐਚ.ਵੀ. ਅਤੇ ਸਮੂਹ ਸਟਾਫ ਹਾਜਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ, ਚੂੰਘ ਵਿੱਚ ਭਾਰਤੀ ਥਲ ਸੈਨਾ ਵੱਲੋਂ ਬੱਚਿਆਂ ਦੇ ਵਿੱਚ ਭਾਰਤੀ ਸੈਨਾ ਦੇ ਪ੍ਰਤੀ ਜਾਗਰੂਕਤਾ ਲਿਆਉਣ ਲਈ ਕੈਂਪ ਲਗਾਇਆ



**ਚੌਕ ਮਹਿਤਾ, 8 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੇ ਨਾਮਵਰ ਸਕੂਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੀਨੀਅਰ ਸੈਕੰਡਰੀ ਸਕੂਲ ਚੂੰਗ ਵਿੱਚ ਭਾਰਤੀ ਸੈਨਾ ਦੇ ਪ੍ਰਤੀ ਜਾਗਰੂਕਤਾ ਲਿਆਉਣ ਲਈ ਇੱਕ ਵਿਸੇਸ ਕੈਪ ਲਗਾਇਆ ਗਿਆ ਜਿਸ ਦੀ ਅਗਵਾਈ ਆਰਮੀ ਰੇਕਰੂਟਮੇਂਟ ਆਫਿਸ ਵੱਲੋਂ ਆਏ ਹੋਏ 9 ਗੁਰਖਾ ਰੈਜੀਮੈਂਟ ਦੇ ਕੈਪਟਨ ਚੇਤਨ ਪਾਂਡੇ ਅਤੇ ਉਹਨਾਂ ਨਾਲ ਆਏ ਹੋਏ ਸਟਾਫ ਨੇ ਕੀਤੀ। ਓਹਨਾਂ ਨੇ ਆਪਣੀ ਰੈਜੀਮੈਂਟ, ਫੌਜ ਦੇ ਇਤਿਹਾਸ ਅਤੇ ਓਹਨਾਂ ਦੀ ਰੈਜੀਮੈਂਟ ਦੇ ਜੰਗੀ ਇਤਿਹਾਸ ਬਾਰੇ ਵਿਦਿਆਥੀਆਂ ਨੂੰ ਜਾਣੂ ਕਰਵਾਇਆ। ਇਸ ਵਿੱਚ ਉਹਨਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਸਿਹਤ ਨੂੰ ਵੀ ਤਰਜੀਹ ਦੇਣ ਲਈ ਕਿਹਾ। ਉਹਨਾਂ ਨੇ ਦੱਸਿਆ ਕਿ ਕਿਵੇਂ ਅਸੀਂ ਆਪਣੇ ਸਮੇਂ ਦੀ ਵੰਡ ਕਰ ਸਕਦੇ ਹਾਂ ਜਿਸ ਦੇ ਨਾਲ ਅਸੀਂ ਪੜ੍ਹਾਈ ਵੀ ਕਰ ਸਕਦੇ ਹਾਂ ਅਤੇ ਸਿਹਤ ਵੱਲ ਧਿਆਨ ਦੇ ਕੇ ਖੇਡਾਂ ਵਿੱਚ ਭਾਗ ਲੈ ਕੇ ਆਪਣੇ ਆਪ ਨੂੰ ਤੰਦਰੁਸਤ ਰੱਖ ਸਕਦੇ ਹਾਂ। ਉਹਨਾਂ ਵੱਲੋਂ ਬੱਚਿਆਂ ਨੂੰ ਆਪਣੀ ਪੜ੍ਹਾਈ ਅਤੇ ਆਪਣੀ ਸਿਹਤ ਦੇ ਪ੍ਰਤੀ ਪ੍ਰਸ਼ਨ ਵੀ ਕੀਤੇ ਗਏ ਜਿਸ ਦਾ ਕਿ ਬੱਚਿਆਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਜਵਾਬ ਦਿੱਤਾ। ਅਖੀਰ ਉਹਨਾਂ ਨੇ ਸੈਨਾ ਵਿੱਚ ਭਰਤੀ ਕਰਨ ਲਈ ਚਲਾਈ ਗਈ ਅਗਨੀ ਵੀਰ ਦੀ ਸਕੀਮ ਜਿਸ ਵਿੱਚ ਕਿ ਸਾਢੇ 17 ਸਾਲ ਦੀ ਉਮਰ ਤੋਂ ਬਾਅਦ ਵਿਦਿਆਰਥੀ +2 ਕਰਕੇ 21 ਸਾਲ ਦੀ ਉਮਰ ਤੱਕ ਅਗਨੀਵੀਰ ਦੇ ਤੌਰ ਤੇ ਭਰਤੀ ਹੋ ਸਕਦਾ ਹੈ ਇਸ ਤੋਂ ਇਲਾਵਾ ਉਹਨਾਂ ਨੇ ਐਨ.ਡੀ.ਏ ਜਾਂ ਫਿਰ ਆਈ.ਐਮ.ਏ ਦੇ ਰਸਤੇ ਫੌਜ ਵਿੱਚ ਜਾਣ ਦੇ ਤਰੀਕੇ ਬੱਚਿਆਂ ਨੂੰ ਬੜੇ ਸੀ ਸੁਚੱਜੇ ਢੰਗ ਨਾਲ ਸਮਝਾਏ। ਇਸ ਮੌਕੇ ਜਿਹੜੇ ਵਿਦਿਆਰਥੀ ਫੌਜ ਵਿੱਚ ਜਾਣ ਦੇ ਚਾਹਵਾਨ ਸਨ ਉਹਨਾਂ ਨੂੰ ਹੋਰ ਪ੍ਰੋਤਸਾਹਿਤ ਕਰਨ ਲਈ ਓਹਨਾਂ ਵੱਲੋਂ ਫੌਜੀ ਭਰਤੀ ਨਾਲ ਸੰਬੰਧਿਤ ਕਾਗਜ਼ਾਤ ਵੀ ਦਿੱਤੇ। ਅਖੀਰ ਡਾਇਰੈਕਟਰ ਤੇਜਬੀਰ ਸਿੰਘ ਸੋਹਲ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਬਾਹਰ ਜਾਣ ਦੀ ਬਜਾਏ ਭਾਰਤ ਵਿੱਚ ਵੀ ਬਹੁਤ ਸਾਰੇ ਵਿਕਲਪ ਹਨ ਬਸ ਤੁਹਾਨੂੰ ਮਿਹਨਤ ਕਰਕੇ ਉਹ ਵਿਕਲਪ ਲੱਭਣ ਦੀ ਲੋੜ ਹੈ। ਓਹਨਾਂ ਨੇ ਕੈਪਟਨ ਚੇਤਨ ਪਾਂਡੇ ਅਤੇ ਓਹਨਾਂ ਦੇ ਸਟਾਫ ਦਾ ਧੰਨਵਾਦ ਕੀਤਾ ਅਤੇ ਓਹਨਾਂ ਵੱਲੋਂ ਵਿੱਢੀ ਗਈ ਇਸ ਪਹਿਲਕਦਮੀ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਪ੍ਰਿੰਸੀਪਲ ਮੰਤੇਸ਼ ਕੁਮਾਰ, ਜਸਪ੍ਰੀਤ ਕੌਰ ਸੋਹਲ, ਰੁਪਿੰਦਰਜੀਤ ਕੌਰ, ਲਵਪ੍ਰੀਤ ਕੌਰ, ਨਵਨੀਤ ਕੌਰ ਅਤੇ ਹੋਰ ਸਟਾਫ ਮੈਂਬਰ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# 48 ਵਾਂ ਸ਼ਹੀਦ ਬਚਨ ਸਿੰਘ ਯਾਦਗਾਰੀ ਕਬੱਡੀ ਕੱਪ ਦਿੜ੍ਹਬਾ 12,13 ਫਰਵਰੀ ਨੂੰ ਕਰਵਾਇਆ ਜਾ ਰਿਹਾ - ਕਰਨ ਘੁਮਾਣ ਕੈਨੇਡਾ, ਚਮਕੌਰ ਘੁਮਾਣ ਯੂ ਕੇ



**ਦਿੜ੍ਹਬਾ ਮੰਡੀ, ਨਕੋਦਰ ਮਹਿਤਪੁਰ 08 ਫਰਵਰੀ (ਹਰਜਿੰਦਰ ਪਾਲ ਛਾਬੜਾ)** -ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਬੱਡੀ ਨੂੰ ਪ੍ਰਣਾਏ ਸਵ ਗੁਰਮੇਲ ਸਿੰਘ ਪ੍ਰਧਾਨ ਅੰਤਰ ਰਾਸ਼ਟਰੀ ਕਬੱਡੀ ਕੋਚ, ਸਾਬਕਾ ਮੁੱਖ ਮੰਤਰੀ ਸ੍ਰ ਪ੍ਰਕਾਸ ਸਿੰਘ ਬਾਦਲ ਦੀ ਯਾਦ ਨੂੰ ਸਮਰਪਿਤ 48 ਵਾਂ ਸ਼ਹੀਦ ਬਚਨ ਸਿੰਘ ਯਾਦਗਾਰੀ ਕਬੱਡੀ ਕੱਪ 12,13 ਫਰਵਰੀ ਨੂੰ ਸਥਾਨਕ ਖੇਡ ਮੈਦਾਨ ਵਿਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ੋਸ਼ਲ ਯੂਥ ਕਲੱਬ ਦੇ ਪ੍ਰਧਾਨ ਸ੍ਰ ਕਰਨ ਸਿੰਘ ਘੁਮਾਣ ਕੈਨੇਡਾ, ਚੇਅਰਮੈਨ ਸ੍ਰ ਚਮਕੌਰ ਸਿੰਘ ਘੁਮਾਣ ਯੂ ਕੇ ਨੇ ਦੱਸਿਆ ਕਿ ਕਬੱਡੀ ਕੱਪ ਨੂੰ ਲੈਕੇ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਕਬੱਡੀ ਕੱਪ ਦੇ ਪਹਿਲੇ ਦਿਨ 12 ਫਰਵਰੀ ਨੂੰ ਪੱਲੇਦਾਰਾਂ ਦੇ ਲੋਡ ਅਨਲੋਡ ਮੁਕਾਬਲੇ, ਆਲ ਓਪਨ ਕਬੱਡੀ ਮੁਕਾਬਲੇ ਅਤੇ ਸ਼ਾਮ ਨੂੰ ਪ੍ਰਸਿੱਧ ਗਾਇਕ ਜੋੜੀ ਬਲਕਾਰ ਅਣਖੀਲਾ ਮਨਜਿੰਦਰ ਗੁਲਸ਼ਨ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਦੂਜੇ ਦਿਨ 13 ਫਰਵਰੀ ਨੂੰ ਪੰਜਾਬ ਹਰਿਆਣਾ ਦੀਆਂ ਕੁੜੀਆਂ,85 ਕਿਲੋਗ੍ਰਾਮ ਦੇ ਮੁੰਡਿਆ ਦੇ ਮੁਕਾਬਲੇ ਤੋਂ ਇਲਾਵਾ ਦੇਸ਼ ਦੀ ਨਾਮਵਰ ਖੇਡ ਸੰਸਥਾਂ ਨੌਰਥ ਇੰਡੀਆ ਕਬੱਡੀ ਫੈਡਰੇਸ਼ਨ ਦੀਆਂ ਅੱਠ ਚੋਟੀ ਦੀਆਂ ਟੀਮਾਂ ਦੇ ਮੁਕਾਬਲੇ ਹੋਣਗੇ। ਇਸ ਮੌਕੇ ਦੋ ਲੱਖ ਰੁਪਏ ਪਹਿਲਾ ਤੇ ਡੇਢ ਲੱਖ ਰੁਪਏ ਦੂਜਾ ਇਨਾਮ ਬੈਸਟ ਰੇਡਰ ਜਾਫੀ ਨੂੰ ਮੋਟਰਸਾਈਕਲ ਦਿੱਤੇ ਜਾਣਗੇ। ਸ਼ਾਮ ਨੂੰ ਸੰਸਾਰ ਪ੍ਰਸਿੱਧ ਗਾਇਕ ਗੁਰਦਾਸ ਮਾਨ ਦਾ ਖੁੱਲ੍ਹਾ ਅਖਾੜਾ ਹੋਵੇਗਾ। ਦੇਸ਼ ਦੀ ਰਾਜਨੀਤੀ ਦੀਆਂ ਵੱਡੀਆਂ ਹਸਤੀਆਂ ਖ਼ਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਪੁੱਜ ਰਹੀਆਂ ਹਨ। ਇਸ ਮੌਕੇ ਸ੍ਰ ਗੁਰਦੇਵ ਸਿੰਘ ਮੌੜ, ਗੁਰਬਚਨ ਲਾਲ, ਜਸਪਾਲ ਸਿੰਘ ਪਾਲਾ, ਕਸ਼ਮੀਰ ਸਿੰਘ ਰੋੜੇਵਾਲ, ਬਲਕਾਰ ਸਿੰਘ ਘੁਮਾਣ, ਭੁਪਿੰਦਰ ਸਿੰਘ ਨਿੱਕਾ, ਫਤਿਹ ਘੁਮਾਣ ਕੈਨੇਡਾ, ਰਾਮ ਸਿੰਘ ਜਨਾਲ, ਝੰਡਾ ਸਿੰਘ ਖੇਤਲਾ, ਹਰਦੇਵ ਸਿੰਘ ਗੁੱਜਰਾਂ, ਰਿੰਕਾ ਢੰਡੋਲੀ, ਸੇਵਾ ਸਿੰਘ ਚੱਠਾ, ਬਲਜੀਤ ਗੋਰਾ, ਰਣਧੀਰ ਸਿੰਘ ਕਲੇਰ, ਸੁੱਖਵਿੰਦਰ ਸਿੰਘ ਭਿੰਦਾ, ਰਾਮ ਸਿੰਘ ਮਾਨ, ਨਵਦੀਪ ਸਿੰਘ ਨੋਨੀ ਕੈਨੇਡਾ, ਹਰਦੀਪ ਸ਼ਰਮਾ ਕਾਲਾ, ਮਤਵਾਲ ਸਿੰਘ ਗੁੱਜਰਾਂ, ਮਨਜੀਤ ਸਟੂਡੀਓ ਲਹਿਰਾ, ਰਾਣਾ ਸ਼ੇਰਗਿੱਲ, ਅਮਰੀਕ ਸਿੰਘ ਛੰਨਾ, ਅਵਤਾਰ ਸਿੰਘ ਤਾਰੀ ਪੰਜਾਬ ਪੁਲਿਸ, ਹਰਮੇਸ਼ ਸਿੰਘ ਨਿੱਕਾ, ਜੱਗਾ ਸਿੰਘ ਪੰਜਾਬ ਪੁਲਿਸ, ਗੁਰਪ੍ਰੀਤ ਸਿੰਘ ਕਾਜ਼ੀ ਏਸ਼ੀਅਨ ਗੋਲਡ ਮੈਡਲ, ਰਾਮ ਕੁਮਾਰ ਪੱਪੂ ਚੌਧਰੀ, ਡੈਨੀ ਦਿੜ੍ਹਬਾ, ਰਾਮ ਸਿੰਘ ਢੰਡੋਲੀ ਖੁਰਦ, ਰਾਮਾ ਦਿੜ੍ਹਬਾ, ਪ੍ਰਸਿੱਧ ਬੁਲਾਰੇ ਸਤਪਾਲ ਮਾਹੀ ਖਡਿਆਲ ਆਦਿ ਹਾਜ਼ਰ ਸਨ।




ਸ਼੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਯੋਗ ਅਗਵਾਈ 'ਚ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਦੁਨਿਆਵੀ ਵਿਦਿਆ ਲਈ ਨਗਰ ਮਹਿਤਾ ਚੌਂਕ ਵਿਖੇ ਚੱਲ ਰਹੇ ਵੱਖ ਵੱਖ ਅਦਾਰਿਆਂ 'ਚ ਨਵੇਂ ਸਾਲ ( 2024) ਦੀਆਂ ਕਲਾਸਾਂ ਸ਼ੁਰੂ ਹਨ । ਨਵੇਂ ਵਿਦਿਆਰਥੀ ਦਾਖਲੇ ਲੈ ਕੇ ਦੁਨਿਆਵੀ ਅਤੇ ਧਾਰਮਿਕ ਵਿਦਿਆ ਪ੍ਰਾਪਤ ਕਰੋ ਜੀ।

ਆਵਾਜ਼ਿ ਕੌਮ AWAZE QAUM International Newspaper & WEB TV